
# ਮਹਾਨ ਮੌਕਾ-ਨੇਮ ਦੇ ਕੰਮ



True Path to God

4

ਲੇਖਕ ਡਾੱ. ਕੁਲਦੀਪ ਸਿੰਘ ਗੈਂਗਰ

# ਮਹਾਨ ਮੌਕਾ-ਨੇਮ ਦੇ ਕੰਮ

ਲੇਖਕ

ਡਾੱ. ਕੁਲਦੀਪ ਸਿੰਘ ਗੈਂਗਰ

**Punjabi**

*The Greatest Opportunity: The Covenant of Works*

Copyright © 2013

Published by True Path to God | www.truepathtogod.org

***True Path to God*** is a ministry reaching out to our neighbours of East Asian background. For more information, see "About Us" on our website.

All scripture quotations are from The Holy Bible—Punjabi – CL published by The Bible Society of India,, 206 Mahatma Gandhi Road, Bangalore – 560 001 – India.

This booklet, as with all in this series, was written in English and translations into Punjabi by a team of translators. It is also being made available in Punjabi, Hindi, Marathi, Nepali, and Urdu.

**Library and Archives Canada Cataloguing in Publications**
Gangar, Dr. Kuldip Singh 1950-
Includes bibliographical references
ISBN 978-0-9919134-3-5
1. Bible—Doctrine—Covenant of Works.
2. Covenants (Theology). I. Title.

## ਵਿਸ਼ਾ ਵਸਤੂ


ਭੂਮਿਕਾ |07

1 ਨੇਮ ਕੀ ਹੈ ਅਤੇ ਕੀ ਪਰਮੇਸ਼ਵਰ ਦਾ ਨੇਮ ਬਣਨਾ *ਜਰੂਰੀ* ਸੀ ?| 11

2 ਨੇਮ ਦੇ ਕੰਮ ਕੀ ਸਹੀ ਕਿਹਾ ਗਿਆ ਹੈ ?| 15

3 ਕਿਸ ਦੇ ਨਾਲ ਇਸ ਨੇਮ ਨੂੰ ਬਣਾਇਆ ਗਿਆ ਸੀ ? | 19

4 ਕੀ ਨੇਮ ਦੇ ਕੰਮਾ ਵਿੱਚ ਕੋਈ ਕਿਰਪਾ ਸੀ ?| 23

5 ਉਹ ਕਿਹੜੇ ਹਾਲਾਤ ਸੀ ਜਿਸ ਵਿੱਚ ਪਰੀਖਿਆ ਹੋਈ ? | 25

6 ਉਹ ਕਿਹੜੀ ਆਗਿਆਕਾਰਿਤਾ ਸੀ ਜਿਹੜੀ ਆਦਮ ਨੂੰ ਇਸ ਨੇਮ ਵਿੱਚ ਚਾਹੀਦੀ ਸੀ ? | 29

7 ਭਲੇ ਬੁਰੇ ਦੀ ਸਿਆਣ ਦਾ ਬਿਰਛ ਕਿਸ ਗੱਲ ਦਾ ਪ੍ਰਤੀਕ ਹੈ ? | 33

8 ਜਦੋਂ ਆਦਮ ਰੱਚਿਆ ਗਿਆ ਤਾਂ ਉਹ ਕਿਵੇਂ ਪਾਪ ਕਰ ਸਕਦਾ ਹੈ | 35

9 ਉਹ ਕਿਹੜੀ ਸਜਾ ਸੀ ਜਿਹੜੀ ਨੇਮ ਦੇ ਕੰਮ ਵਿੱਚ ਦਿੱਤੀ ਗਈ ?| 37

10 ਆਗਿਆਕਾਰੀ ਦੇ ਲਈ ਕੀ ਇਨਾਮ ਸੀ ? | 41

11 ਕਿ ਨੇਮ ਦੇ ਕੰਮ ਹੁਣ ਵੀ ਜਾਰੀ ਹਨ ? | 45

12 ਮਸੀਹ ਦਾ ਕਿਸ ਤਰਾ ਨੇਮ ਦੇ ਕੰਮ ਨਾਲ ਸਬੰਧ ਹੈ? | 49

13 ਨੇਮ ਦੇ ਕੰਮ ਅਤੇ ਸਾਨੂੰ ਪਰਮੇਸ਼ਰ ਦੇ ਸਾਹਮਣੇ ਉਚਿਤ ਠਹਿਰ-ਾਉਣ ਵਿੱਚ ਕਿ ਰਿਸ਼ਤਾ ਹੈ? | 53

14 ਨੇਮ ਦੇ ਕੰਮਾ ਵਿੱਚ ਕਿਹੜੀਆ ਰੁਕਾਵਟਾ ਹਨ? | 55

ਤਿੰਨ ਨਿਚੋੜ:- | 57

# ਭੂਮਿਕਾ

ਸੰਸਾਰ ਦੇ ਵਿੱਚ ਹਰ ਥਾਂ ਜਲੂਸ਼ ਹੋ ਰਹੇ ਹਨ ਜਿਸ ਵਿੱਚ ਪਿਆਰੇ ਲੋਗ ਦਫਨਾਏ ਜਾਂ ਜਲਾਏ ਜਾਂਦੇ ਹਨ। ਇਹ ਨਜਾਰਾ ਦੁੱਖ ਭਰਿਆ ਹੁੰਦਾ ਹੈ। ਜੇਕਰ ਪਰਮੇਸ਼ਵਰ ਨੇ ਸਾਰਾ ਕੁੱਝ ਚੰਗਾ ਬਣਾਇਆ ਤਾਂ ਸਰਵਾਪੀ ਮੌਤ ਦੀ ਕਿਵੇਂ ਵਿਆਖਿਆ ਹੋਵੇਗੀ? ਪਿਛਲੀ ਪੱਤ੍ਰੀਕਾ 'ਸ੍ਰਿਸ਼ਟੀ ਅਤੇ ਉਸ ਵਿੱਚ ਮਨੁੱਖ ਦਾ ਥਾਂ' ਅਸੀਂ ਇਸ ਵਿੱਚ ਇਹ ਸਪੱਸ਼ਟ ਕੀਤਾ ਹੈ ਕਿ ਮਨੁੱਖ ਦਾ ਥਾਂ ਕਿੰਨਾ ਅਦਭੁੱਤ ਹੈ। ਆਦਮ ਪਰਮੇਸ਼ਵਰ ਦੇ ਸਰੂਪ ਵਿੱਚ ਰੱਚਿਆ ਗਿਆ ਸੀ। ਉਸਨੂੰ ਹਵਾ ਦੇ ਰੂਪ ਵਿੱਚ ਇੱਕ ਸਾਥੀ ਦਿੱਤਾ। ਜਿਸਨੇ ਹਰ ਤਰ੍ਹਾਂ ਨਾਲ ਉਸਦਾ ਸਾਥ ਦਿੱਤਾ। ਉਹਨਾਂ ਨੂੰ ਅਦਨ ਦੇ ਬਾਗ ਵਿੱਚ ਰੱਖਿਆ ਗਿਆ। ਜਿਸ ਵਿੱਚ ਉਹਨਾਂ ਦੀਆਂ ਲੋੜਾਂ ਦੀਆਂ ਸਾਰੀਆਂ ਚੀਜਾਂ ਸਨ। ਜਿਹੜਾ ਕੰਮ ਉਹਨਾਂ ਨੂੰ ਕਰਨ ਵਾਸਤੇ ਕਿਹਾ ਗਿਆ ਸੀ ਉਹ ਮੰਨ ਭਾਂਦਾ ਸੀ। ਉਹ ਹਰ 7ਵੇਂ ਦਿਨ ਸ਼ਬਦ ਆਰਾਮ ਦਾ ਆਨੰਦ ਲੈਂਦੇ ਸੀ। ਤਾਂ ਜੋ ਉਹ ਆਪਣੇ ਸ੍ਰਿਸ਼ਟੀ ਕਰਤਾ ਦੀ ਆਰਾਧਨਾ ਅਤੇ ਮਹਿਮਾ ਕਰ ਸਕਨ। ਉਹਨਾਂ ਦਾ ਸ੍ਰਿਸ਼ਟੀਕਰਤਾ ਪਰਮੇਸ਼ਵਰ ਹਰ ਰੋਜ ਉਹਨਾਂ ਨਾਲ ਸੰਗਤੀ ਕਰਦਾ ਸੀ। ਜਦੋਂ ਉਹ ਬਾਗ ਵਿੱਚ ਉਹਨਾਂ ਦੇ ਨਾਲ ਠੰਡੇ ਵੇਲੇ ਫਿਰਦਾ ਸੀ। (ਉਪਪਤ 3:8) ਇਹ ਇਸ ਤਰ੍ਹਾਂ ਲਗਦਾ ਹੈ ਜਿਹੜਾ ਆਨੰਦ ਉਹਨਾਂ ਨੂੰ ਮਿਲਿਆ ਇਸਤੋਂ ਉੱਚਾ ਹੋਰ ਕੁੱਝ ਵੀ ਨਹੀਂ ਹੋ ਸਕਦਾ ਪਰ ਇਹ ਸੱਚ ਨਹੀਂ ਹੈ। ਪਰਮੇਸ਼ਵਰ ਨੇ ਮਨੁੱਖ ਜਾਤੀ ਲਈ ਮਹਾਨ ਚੀਜਾ ਰੱਖਿਆਂ ਹੋਇਆਂ ਹਨ। ਇਹ ਸੱਚ ਹੈ ਕਿ ਮਨੁੱਖ ਪਰਮੇਸ਼ਵਰ ਦੀ ਉੱਤਮ ਰੱਚਨਾ ਹੈ। ਪਰ

ਉਹ ਇਸ ਉੱਤਮ ਸਿਖਰ ਤੋਂ ਆਪਣੇ ਖੁਦ ਦੇ ਕੰਮ ਦੁਆਰਾ ਨਹੀਂ ਪਹੁੰਚਿਆ। [1]

ਅਸੀਂ ਪਹਿਲਾਂ ਹੀ ਇਹ ਦੱਸਿਆ ਹੈ ਕਿ ਹਵਾ ਧਰਤੀ ਤੋਂ ਨਹੀਂ ਪਰ ਆਦਮ ਤੋਂ ਆਈ ਹੈ। ਇਸਦਾ ਕਾਰਣ ਇਹ ਹੈ ਕਿ ਆਦਮ ਸਾਰੀ ਮਨੁੱਖ ਜਾਤੀ ਦਾ ਮੁੱਖਿਆ ਹੋਵੇ। ਆਦਮ ਜਦੋਂ ਰੱਚਿਆ ਗਿਆ ਸੀ ਤਾਂ ਇਸ ਕੋਲ੍ਹ ਪੂਰਾ ਹੱਕ ਸੀ ਕਿ ਉਹ ਬੁਰਿਆਈ ਜਾਂ ਭਲਾਈ ਨੂੰ ਚੁੱਣ ਸਕੇ। ਹੁਕਮ ਨਾਂ ਮੰਨਣ ਦੇ ਕਾਰਣ ਉਸ ਕੋਲ ਸੰਭਾਵਨਾ ਸੀ ਕਿ ਉਹ ਮੌਤ ਪਾਏ। ਪਰਮੇਸ਼ਵਰ ਨੇ ਮਾਨਵ ਜਾਤੀ ਨੂੰ ਇੱਕ ਮਹਾਨ ਮੌਕਾ ਦਿੱਤਾ ਕਿ ਉਹ ਉੱਚਾ ਤੇ ਯੋਗ ਜੀਵਨ ਜਿਉਣ ਜਿਸ ਵਿੱਚ ਨਾਂ ਤਾਂ ਉਹ ਕੋਈ ਪਾਪ ਕਰਨ ਅਤੇ ਨਾ ਹੀ ਮਰਨ ਅਤੇ ਕਦੇ ਵੀ ਕੋਈ ਇਸ ਤਰ੍ਹਾਂ ਦਾ ਮੌਕਾ ਨਾ ਆਵੇ ਕਿ ਉਹ ਉਸ ਸਥਾਨ ਤੇ ਡਿੱਗ ਪੈਣ। ਕਿਉਂ ਜੋ ਆਦਮ ਅਸਫਲ ਰਿਹਾ ਇਸਲਈ ਮਾਨਵ ਜਾਤੀ ਨੂੰ ਮੌਤ ਦਾ ਅਨੁਭਵ ਹੋਇਆ। ਪਰਮੇਸ਼ਵਰ ਦਾ ਧੰਨਵਾਦ ਹੋਵੇ ਜਿਸਨੇ ਦੂਜਾ ਮਨੁੱਖ ਦਿੱਤਾ। ਆਖਰੀ ਆਦਮ ਯਿਸ਼ੂ ਮਸ਼ੀਹ ਜੋ ਸਾਨੂੰ ਹਮੇਸ਼ਾ ਦਾ ਜੀਵਨ ਦਿੰਦਾ ਹੈ। ਜਿਹੜਾ ਅਸੀਂ ਆਦਮ ਦੇ ਵਿੱਚ ਗੁਆਚ ਚੁਕੇ ਸੀ।

ਰੋਮੀਆਂ ਨੂੰ –5:12– ਇਸਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸ ਤਰ੍ਹਾਂ ਮੌਤ ਸਾਰੇ ਮਨੁੱਖਾਂ ਵਿੱਚ ਫੈਲ ਗਈ।

ਰੋਮਿਆਂ ਨੂੰ 5:18–ਉਪਰੰਤ ਜਿਵੇਂ ਇੱਕ ਅਪਰਾਧ ਦੇ ਕਾਰਣ ਸਬਨਾਂ ਮਨੁੱਖਾਂ ਉੱਤੇ ਦੋਸ਼ ਲੱਗਾ ਤਿਵੇਂ ਹੀ ਧਰਮ ਦੇ ਇੱਕ ਕੰਮ ਦੇ ਕਾਰਣ ਸਬਨਾਂ ਮਨੁੱਖਾਂ ਦੇ ਲਈ ਮਾਫੀ ਅਤੇ ਜੀਵਨ ਮਿਲਿਆ।

1 ਕੁਰਿੰਥੀਆਂ ਨੂੰ 15:45 ਇਉਂ ਲਿਖਿਆ ਹੋਇਆ ਵੀ ਹੈ ਜੋ ਪਹਿਲਾ ਮਨੁੱਖ ਆਦਮ ਜੀਉਂਦੀ ਜਾਨ ਹੋਇਆ, ਛੇਕੜਲਾ ਆਦਮ ਜੀਵਨ ਦਾਤਾ ਆਦਮ ਹੋਇਆ।

1 ਕੁਰਿੰਥੀਆਂ ਨੂੰ 15:47 (ਪਹਿਲਾ ਮਨੁੱਖ ਮਿੱਟੀ ਦਾ ਬਣਿਆ, ਦੂਜਾ ਮਨੁੱਖ ਸਰਗੋਂ ਹੈ।

ਇਸ ਪੱਤ੍ਰੀਕਾ ਵਿੱਚ ਅਸੀਂ ਉਸ ਨੇਮ ਉੱਤੇ ਧਿਆਨ ਦੇਵਾਂਗੇ ਜੇਹੜਾ ਪਰਮੇਸਵਰ ਨੇ ਮਨੁੱਖ ਨਾਲ ਬੰਨਿਆ ਹੋਇਆ ਸੀ। ਜਿਸ ਵਿੱਚ ਉਸਨੇ ਆਦਮ ਅਤੇ ਸਾਰੀ ਮਨੁੱਖ ਜਾਤੀ ਨੂੰ ਨੁਮਾਇੰਦਗੀ ਕਰਨ ਦਾ ਮੌਕਾ ਦਿੱਤਾ ਤਾਂ ਜੋ ਉਹ ਉੱਚ ਜੀਵਨ ਪ੍ਰਾਪਤ ਕਰ ਸਕਨ।

ਆਦਮ ਦੇ ਨਾਲ ਕੀਤੇ ਗਏ ਨੇਮ ਨੂੰ ਸਮਝਣਾ ਸਾਡੇ ਲਈ ਪ੍ਰਭੂ ਯਿਸ਼ੂ ਮਸੀਹ ਦੇ ਕੰਮਾਂ ਦੀ ਤਾਰੀਫ ਕਰਨ ਵਿੱਚ ਸਾਡੀ ਮਦਦ ਕਰੇਗਾ।

ਆਉ ਲੜੀਦਾਰ ਸਵਾਲਾਂ ਰਾਹੀਂ ਇਸਦੀ ਜਾਂਚ ਕਰੀਏ।

# 1

# ਨੇਮ ਕੀ ਹੈ ਅਤੇ ਕੀ ਪਰਮੇਸ਼ਵਰ ਦਾ ਨੇਮ ਬਣਨਾ *ਜਰੂਰੀ* ਸੀ?

ਮਨੁੱਖ ਨਾਲ ਬਨਿਆ ਗਿਆ ਨੇਮ ਦੋ ਜਾਨਿਆ ਦੇ ਵਿੱਚ ਕੀਤਾ ਗਿਆ ਸਮਝੌਤਾ ਹੈ, ਜਿਹੜਾ ਉਹਨਾਂ ਨੂੰ ਉਸ ਵਿੱਚ ਰੱਖਿਆ ਗਈਆਂ ਸ਼ਰਤਾਂ ਨਾਲ ਬੰਨਦਾ ਹੈ। ਨੇਮ ਦੇ ਕੁੱਝ ਤੱਤ ਹੁੰਦੇ ਹਨ, ਜਿਵੇਂ ਕਿ ਸ਼ਰਤਾਂ ਦਾ ਪੂਰਾ ਹੋਣਾ ਅਤੇ ਪੂਰਾ ਹੋਣ ਤੇ ਇਨਾਮ ਅਤੇ ਅਸਫਲ ਹੋਣ ਤੇ ਸਜਾ। ਨੇਮ ਨਾਲ ਚੱਲਣ ਤੋਂ ਪਹਿਲਾਂ ਪਰਮੇਸ਼ਵਰ ਮਨੁੱਖ ਦੇ ਵਿਚਾਰਾਂ ਬਾਰੇ ਨਹੀਂ ਪੁੱਛਦਾ। ਪਰਮੇਸ਼ਵਰ ਮੁੱਖ ਰੂਪ ਵਿੱਚ ਆਦਮ ਨਾਲ ਨੇਮ ਬਣਦਾ ਹੈ ਜੋ ਸਾਰੀ ਮਨੁੱਖ ਜਾਤੀ ਦਾ ਪ੍ਰਤੀਨੀਧੀ ਬਣਦਾ ਹੈ ਅਤੇ ਉਸ ਨੇਮ ਨੂੰ ਮਨੁੱਖ ਉੱਤੇ ਸੁੱਟ ਦਿੰਦਾ ਹੈ। ਅਸੀਂ ਇਸ ਪ੍ਰਕਾਰ ਦੇ ਨੇਮ ਨੂੰ ਵੇਖਦੇ ਹਾਂ ਜਦਕਿ ਇਹ ਸ਼ਬਦ ਆਪਣੇ ਆਪ ਉੱਤਪਤ ਵਿੱਚ ਨਹੀਂ ਆਇਆ।

ਉੱਤਪੱਤ 2:16,17 ਤਾਂ ਯਹੋਹਾ ਪਰਮੇਸ਼ਵਰ ਨੇ ਆਦਮੀ ਨੂੰ ਆਗਿਆ ਦਿੱਤੀ ਕਿ ਬਾਗ ਦੇ ਹਰ ਬਿਰਛ ਤੋਂ ਤੂੰ ਨਿਸੰਗ ਖਾਈਂ ਪਰ ਭਲੇ ਬੁਰੇ ਦੀ ਸਿਆਣ ਦੇ ਬਿਰਛ ਤੋਂ ਤੂੰ ਨਾ ਖਾਈਂ ਕਿਉਂ ਜੋ ਜਿਸ ਦਿਨ ਤੂੰ ਉਸ ਤੋਂ ਖਾਵੇਂ ਤਾਂ ਤੂੰ ਜਰੂਰ ਮਰੇਗਾ।

ਇੱਥੇ ਅਸੀਂ ਵੇਖਦੇ ਹਾਂ ਕਿ ਪਰਮੇਸ਼ਵਰ ਆਪਣੇ ਆਪ ਪ੍ਰਸਤਾਵ ਰਖਦਾ ਹੈ ਜੇਕਰ ਇਸੇ ਕਾਰਣ ਇੱਹ ਟੁੱਟ ਜਾਵੇ ਤਾਂ ਉਸ ਦਾ ਕਾਰਣ ਸਜਾ ਠਹਿਰਾਂਦਾ ਹੈ। ਮਨੁੰਖ ਇਸ ਸਰਤ ਨੂੰ ਪੂਰਾ ਕਰਨ ਤੇ ਇਨਾਮ ਦਾ ਹੱਕਦਾਰ ਹੋਵੇਗਾ ਜਿਸਦਾ ਪਰਮੇਸ਼ਵਰ ਨੇ ਵਾਦਾ ਕੀਤਾ ਹੋਇਆ ਹੈ।

ਉੱਤਪੱਤ 2:16–17 ਦੀ ਮੁਸ਼ਕਲ ਇਹ ਹੈ ਕਿ ਜੇਕਰ ਮਨੁੱਖ ਨੇ ਨੇਮ ਨੂੰ ਬਣਾਏ ਰੱਖਿਆ ਹੁੰਦਾ ਤਾਂ ਉਹ ਹਮੇਸ਼ਾ ਦੀ ਜਿੰਦਗੀ ਪਾ ਚੁੱਕਿਆ ਹੁੰਦਾ ਨਾ ਕਿ ਆਪਣੇ ਲਈ ਬਲਕਿ ਸਾਰੀ ਮਨੁੱਖ ਜਾਤੀ ਲਈ। ਕੋਈ ਹਮੇਸ਼ਾ ਦੀ ਜਿੰਦਗੀ ਕਿਵੇਂ ਪਾ ਸਕਦਾ ਹੈ। ਇਸਦਾ ਜਵਾਬ ਜਿਹੜਾ ਪਰਮੇਸ਼ਵਰ ਨੇ ਦਿੱਤਾ ਉਸਤੋਂ ਅਸੀਂ ਸੱਚਾਈ ਪ੍ਰਾਪਤ ਕਰ ਸਕਦੇ ਹਾਂ।

**ਮੱਤੀ ੧੯:੧੬** ਤਾਂ ਵੇਖੋ ਇੱਕ ਜਣੇ ਨੇ ਉਸਦੇ ਕੋਲ ਆ ਕਿ ਕਿਹਾ, 'ਗੁਰੂ ਜੀ ਮੈਂ ਕਿਹੜਾ ਭਲਾ ਕੰਮ ਕਰਾਂ ਜੋ ਮੈਨੂੰ ਸਦੀਪਕ ਜਿਉਣ ਮਿਲੇ ? 17 ਉਸ ਨੇ ਉਸਨੂ ਆਖਿਆ ਕਿ ਤੂੰ ਭਲਾਈ ਦੇ ਵਿਖੇ ਮੈਨੂੰ ਕਿਉਂ ਪੁਛਦਾ ਹੈ ? ਭਲਾ ਤਾਂ ਇੱਕੋ ਹੀ ਹੈ ਪਰ ਜੇ ਤੂੰ ਜਿਉਣ ਵਿੱਚ ਵੜ੍ਹਨਾ ਚਾਹੁੰਦਾ ਹੈ ਤਾਂ ਹੁਕਮਾਂ ਨੂੰ ਮੰਨ।

ਕੀ ਪਰਮੇਸ਼ਵਰ ਨੂੰ ਆਦਮ ਦੇ ਨਾਲ ਨੇਮ ਵਿੱਚ ਸ਼ਾਮਿਲ ਹੋਣਾ *ਜਰੂਰੀ ਸੀ* ਨਹੀਂ ?, ਪਰਮੇਸ਼ਵਰ ਕਿਸੀ ਵੀ ਮਜਬੂਰੀ ਵਿੱਚ ਇਸ ਤਰ੍ਹਾ ਕਰਨ ਦੇ ਦਵਾਬ ਵਿੱਚਣ ਨਹੀਂ ਸੀ। ਇਹ ਉਸ ਵੱਲੋਂ ਕਿਰਪਾ ਨਾਲ ਭਰਿਆ ਕੰਮ ਸੀ। ਉਸਨੇ ਯੋਜਨਾ ਮੁਤਾਬਿਕ ਆਪਣੇ ਆਪ ਨੂੰ ਮਨੁੱਖ ਦੇ ਕਰਜ ਵਿੱਚ ਪਾ ਦਿੱਤਾ। ਮਨੁੱਖ ਨੂੰ ਪਰਮੇਸ਼ਵਰ ਦੇ ਪ੍ਰਤੀ ਸਿੱਧ ਆਗਿਆਕਾਰੀ ਹੋਣਾ ਪਵੇਗਾ। ਕੇਵਲ ਇਸ ਕਰਕੇ ਕਿਉਂ ਜੋ ਪਰਮੇਸ਼ਵਰ ਉਸਦਾ ਰੱਚਣ ਵਾਲਾ ਅਤੇ ਸਹਾਰਾ ਹੈ। ਪੂਰਣ ਆਗਿਆਕਾਰਿਤਾ ਤੋਂ ਬਾਅਦ ਹੀ ਮਨੁੱਖ ਕੇਵਲ ਲੂਕਾ 17:10 ਵਿੱਚ ਪਾਏ ਜਾਨ ਵਾਲੇ ਸ਼ਬਦਾਂ ਦੀ ਵਰਤੋਂ ਕਰ ਸਕਦਾ ਹੈ।

**ਲੂਕਾ ੧੭:੧੦** ਇਸ ਤਰ੍ਹਾਂ ਤੁਸੀਂ ਵੀ ਜਾਂ ਉਹ ਸਾਰੇ ਕੰਮ ਜਿਹਨਾਂ ਦਾ ਤੁਹਾਨੂੰ ਹੁਕਮ ਦਿੱਤਾ ਗਿਆ ਪੂਰੇ ਕਰ ਚੁੱਕੇ ਤਾਂ ਕਹੇ ਭਈ ਅਸੀਂ ਨਿਕੰਮੇ ਬੰਦੇ ਹਾਂ। ਜੋ ਕੁੱਝ ਸਾਨੂੰ ਕਰਨਾ ਉਚਿਤ ਸੀ ਅਸਾਂ ਉਹੀ ਕੀਤਾ।

ਜੇਕਰ ਕੋਈ ਨੇਮ ਨਹੀਂ ਹੁੰਦਾ ਤਾਂ ਪਰਮੇਸ਼ਵਰ ਅਤੇ ਮਨੁੱਖ ਦੇ ਵਿੱਚ ਦੂਰੀ ਅਸੀਮਿਤ ਰਹਿੰਦੀ। ਕਿਸੇ ਵੀ ਸੰਗਤੀ ਦਾ ਹੋਣਾ ਅਸੰਭਵ ਸੀ। ਹਰਮਨ ਬੇਵਿਕ ਕਹਿੰਦੇ

ਹਨ ਕਿ ਇਸ ਅਨੁਸਾਰ ਜੇਕਰ ਸੱਚ ਵਿੱਚ ਧਰਮ ਹੈ, ਜੇ ਪਰਮੇਸ਼ਵਰ ਅਤੇ ਮਨੁੱਖ ਵਿੱਚ ਸੰਗਤੀ ਹੁੰਦੀ, ਜੇਕਰ ਦੋਨਾਂ ਦੇ ਵਿੱਚ ਸਬੰਧ ਅਜਿਹਾ ਹੀ ਹੁੰਦਾ ਜਿਵੇਂ ਮਾਲਿਕ ਦਾ ਉਸਦੇ ਨੌਕਰ ਨਾਲ, ਕੁਮਹਾਰ ਦਾ ਮਿੱਟੀ ਨਾਲ, ਰਾਜਾ ਦਾ ਆਪਣੇ ਲੋਕਾਂ ਨਾਲ, ਪਿਓ ਦਾ ਆਪਣੇ ਪੁੱਤਰ ਨਾਲ, ਉਕਾਬ ਦਾ ਆਪਣੇ ਬੱਚਿਆਂ ਨਾਲ, ਕੁੱਕੜੀ ਦਾ ਆਪਣੇ ਚੁੱਚਿਆਂ ਨਾਲ ਤਾਂ ਪਰਮੇਸ਼ਵਰ ਨੂੰ ਆਪਣੇ ਉੱਚੇ ਸਥਾਨ ਤੋਂ ਨਿੱਚੇ ਆਣਾ ਪਿਆ, ਅਤੇ ਆਪਣੇ ਪ੍ਰਾਣੀਆਂ ਤੇ ਕਿਰਪਾ ਕੀਤੀ, ਅਪਣੇ ਆਪ ਨੂੰ ਬਖਸ਼ਿਆ, ਪ੍ਰਗਟ ਕੀਤਾ, ਮਨੁੱਖ ਜਾਤੀ ਵਾਸਤੇ ਦੇ ਦਿੱਤਾ, ਤਾਂ ਉਹ ਜੋ ਸਦੀਪਕ ਕਾਲ ਵਿੱਚ ਨਿਵਾਸ ਕਰਦਾ ਹੈ ਅਤੇ ਜਿਹੜਾ ਉੱਚੇ ਅਤੇ ਪਵਿੱਤਰ ਥਾਂ ਵਿੱਚ ਨਿਵਾਸ ਕਰਦਾ ਹੈ ਉਹ ਉਹਨਾਂ ਦੇ ਨਾਲ ਵੀ ਜਰੂਰ ਨਿਵਾਸ ਕਰਦਾ ਹੈ ਜੋ ਆਤਮਾ ਵਿੱਚ ਨਰਮ ਹਨ। (ਯਸ਼ਾਯਾਹ 57:15) ਪਰ ਇਸ ਤਰ੍ਹਾਂ ਦੀਆਂ ਸ਼ਰਤਾਂ ਨੇਮ ਦੀ ਵਿਆਖਿਆ ਤੋਂ ਇਲਾਵਾ ਹੋਰ ਕੁੱਝ ਵੀ ਨਹੀਂ। [2]

ਜੇਕਰ ਪਰਮੇਸ਼ਵਰ ਨੇਮ ਵਿੱਚ ਪ੍ਰਵੇਸ਼ ਨਹੀਂ ਕਰਦਾ ਤਾਂ ਪਰਮੇਸ਼ਵਰ ਆਪਣੇ ਪ੍ਰਾਣੀਆਂ ਕੋਲੋਂ ਦੂਰ ਰਹਿੰਦਾ। ਨੇਮ ਦਾ ਵਿਚਾਰ ਬਾਈਬਲ ਦੇ ਧਰਮ ਵਾਸਤੇ ਖਾਸ ਹੈ। ਪਰਮੇਸ਼ਵਰ ਨੂੰ ਆਦਮ ਦੇ ਨਾਲ ਬਾਅਦ ਵਿੱਚ ਸੰਗਤੀ ਕਰਦੇਆਂ ਪਾਇਆ ਗਿਆ। ਸੰਸਾਦ ਰੇ ਦੂਜੇ ਧਰਮ ਜਾਂ ਤਾਂ ਪਰਮੇਸ਼ਵਰ ਨੂੰ ਥੱਲੇ ਲੈ ਜਾਂਦੇ ਹਨ ਤਾਂ ਜੋ ਉਹ ਹਰ ਪ੍ਰਾਣੀ ਦਾ ਭਾਰ ਬਣ ਜਾਂਦਾ ਹੈ ਜਾਂ ਫਿਰ ਉਸਨੂੰ ਆਪਣੇ ਤੋਂ ਬਹੁਤ ਉੱਚਾ ਚੁੱਕ ਦਿੰਦੇ ਹਨ। ਪਵਿੱਤਰ ਸਾਸਤਰ ਦੋਨਾਂ ਉੱਤੇ ਜੋਰ ਦਿੰਦਾ ਹੈ। ਨੇਮ ਵਿੱਚ ਪਰਮੇਸ਼ਵਰ ਸਾਡੇ ਉੱਪਰ ਅਤੇ ਲਾਗੇ ਦੋਵੇਂ ਹੈ। [3]

# 2

# ਨੇਮ ਦੇ ਕੰਮ ਕੀ ਸਹੀ ਕਿਹਾ ਗਿਆ ਹੈ?

ਆਦਮ ਦੇ ਨਾਲ ਨੇਮ, ਸਾਰੀ ਮਨੁੱਖ ਜਾਤੀ ਲਈ ਪ੍ਰਤੀਨਿਧੀ ਇਹ ਸਹੀ ਨੇਮ ਦੇ ਕੰਮ ਹਨ। ਕਿਉਂਕਿ ਆਦਮ ਨੂੰ ਆਗਿਆਕਾਰਿਤਾ ਦੇ ਲਈ ਇਨਾਮ ਦਿੱਤਾ ਜਾਵੇਗਾ। ਜਿਸ ਆਗਿਆਕਾਰਿਤਾ ਨੂੰ ਆਦਮ ਬਿਨਾ ਅਲੌਕਿਕ ਮਦਦ ਤੋਂ ਅਨਜਾਮ ਦੇਵੇਗਾ। ਕੁੱਝ ਇਸਨੂੰ ਨੇਮ ਦੇ ਕੰਮ ਕਹਿਣ ਵਿੱਚ ਵਿਰੋਧ ਕਰਦੇ ਹਨ। ਕਿਉਂਕਿ ਉਹ ਇਹ ਬਹਿਸ ਕਰਦੇ ਹਨ ਕਿ ਪਰਮੇਸ਼ਵਰ ਕਦੇ ਵੀ ਮਨੁੱਖ ਦਾ ਕਰਜਦਾਰ ਨਹੀਂ ਹੈ। ਉਹ ਇਸ ਅਧਾਰ ਤੇ ਬਹਿਸ ਕਰਦੇ ਹਨ ਪਹਲੇ ਆਦਮ ਨੂੰ ਆਗਿਆਕਾਰਿਤਾ (ਜੋ ਕਿ ਸਦੀਪਕ ਜੀਵਨ) ਦਾ ਜੋ ਇਨਾਮ ਮਿਲਿਆ ਉਸ ਆਗਿਆਕਾਰਿਤਾ ਦੇ ਮੁੱਲ ਨੂੰ ਕਈ ਗੁਣਾ ਵਧਾ ਦਿੰਦਾ ਹੈ। ਪਰ ਕੌਣ ਕਹਿ ਸਕਦਾ ਹੈ ਕਿ ਜੋ ਆਗਿਆਕਾਰਿਤਾ ਪਰਮੇਸ਼ਵਰ ਚਾਹੁੰਦਾ ਹੈ ਉਸਦਾ ਮੁੱਲ ਉੱਨੇ ਕੀ ਰੱਖਿਆ ਹੈ? ਪਰਮੇਸ਼ਵਰ ਦੇ ਪ੍ਰਤੀ ਹਰ ਆਗਿਆਕਾਰਿਤਾ ਦਾ ਮੁੱਲ ਅਸੀਮਤ ਹੈ ਅਤੇ ਉਸ ਨੂੰ ਖੁਸ਼ ਕਰਦੀ ਹੈ। ਜੇਕਰ ਅਸੀਂ ਬਹਿਸ ਦਾ ਅਨੁਸਰਣ ਕਰਦੇ ਹਾਂ ਅਤੇ ਇਸਨੂੰ ਪਰਮੇਸ਼ਵਰ ਦੇ ਕੰਮਾ ਵਿੱਚ ਲਾਗੂ ਕਰਦੇ ਹਾਂ ਤਾਂ ਅਸੀਂ ਪਾਂਦੇ ਹਾਂ ਕਿ ਉਸਦੀ ਮੌਤ ਸਾਰੇ ਸੰਸਾਰ ਨੂੰ ਬਚਾਉਣ ਲਈ ਕਾਫੀ ਸੀ। ਫਿਰ ਵੀ ਪਿਤਾ ਨੇ ਉਸਨੂੰ ਚੁਣਿਆ ਹੋਇਆ ਇਨਾਮ ਦਿੱਤਾ। [4]

ਦੂਜੀ ਬਹਿਸ, ਨੇਮ ਦੇ ਕੰਮਾਂ ਦੀ ਮਨਾਈ ਕਰਨਾ, ਇਹ ਕਹਿਣਾ ਇਸ ਤਰ੍ਹਾ ਹੈ ਕਿ ਮਨੁੱਖ ਕਿਸੇ ਵੀ ਤਰ੍ਹਾਂ ਪਰਮੇਸ਼ਵਰ ਦੇ ਸਾਹਮਣੇ

ਸਮਰਥ ਨਹੀਂ ਹੈ। ਇਹ ਸੱਚ ਹੈ ਕਿ ਪਰਮੇਸ਼ਵਰ ਨੇ ਮਨੁੱਖ ਨੂੰ ਜਨਮ ਦਿੱਤਾ ਅਤੇ ਉਸਨੂੰ ਉਹ ਸਾਰਾ ਕੁੱਝ ਦਿੱਤਾ ਜਿਹੜਾ ਉਸਦੇ ਕੋਲ ਹੈ, ਇਸਲਈ ਮਨੁੱਖ ਕੁਝ ਵੀ ਨਹੀਂ ਕਰ ਸਕਦਾ। ਜਿਸ ਕਰਕੇ ਪਰਮੇਸ਼ਵਰ ਉਸਦਾ ਕਰਜਦਾਰ ਹੋਵੇ, ਪਰ ਜੇ ਪਰਮੇਸ਼ਵਰ ਆਪਣੀ ਇੱਛਾ ਨਾਲ ਨੇਮ ਵਿੱਚ ਪ੍ਰਵੇਸ਼ ਕਰਦਾ ਹੈ ਅਤੇ ਇਸਦੇ ਪੂਰੇ ਹੋਣ ਤੇ ਕੁੱਝ ਚੀਜਾਂ ਵਾਸਤੇ ਪ੍ਰਤੀਗਿਆ ਕਰਦਾ ਹੈ, ਤਾਂ ਉਹ ਪਰਮੇਸ਼ਵਰ ਹੀ ਹੈ ਜੋ ਮਨੁੱਖ ਨੂੰ ਆਗਿਅਕਾਰਿਤਾ ਦੇ ਅਧਾਰ ਤੇ ਆਪਣੇ ਆਪ ਨੂੰ ਮਨੁੱਖ ਦਾ ਕਰਜਦਾਰ ਬਣਾਉਂਦਾ ਹੈ। ਆਦਮ ਨਿਆ ਪੂਰਕ ਉਸ ਇਨਾਮ ਦੀ ਮੰਗ ਕਰ ਸਕਦਾ ਹੈ ਜੋ ਕਿ ਉਸ ਦੀ ਆਗਿਆਕਾਰਿਤਾ ਲਈ ਰੱਖਿਆ ਗਿਆ ਹੈ।

ਜੇਕਰ ਅਸੀਂ ਬਹਿਸ ਕਰਿਏ ਕਿ ਆਦਮ ਦੀ ਆਗਿਆਕਾਰਿਤਾ ਉਸਨੂੰ ਸਦੀਪਕ ਜੀਵਨ ਨਹੀਂ ਦੇ ਸਕਦੀ। ਤਾਂ ਯਿਸ਼ੂ ਮਸੀਹ ਵਾਸਤੇ ਵੀ ਇਹ ਸੱਚ ਹੁੰਦਾ, ਜਿਵੇਂ ਕਿ ਉਹ ਆਪਣੇ ਲੋਕਾਂ ਲਈ ਨੇਮ ਦੇ ਕੰਮਾਂ ਨੂੰ ਪੂਰਾ ਕਰਣ ਦੇ ਲਈ ਆਇਆ।[5] ਪਰ ਇਹ ਪਵਿੱਤਰ ਸ਼ਾਸਤਰ ਦਾ ਵਿਰੋਧ ਹੈ।

**ਰੋਮੀਆਂ ੫:੧੭** ਜਦੋਂ ਉਸ ਇੱਕ ਦੇ ਅਪਰਾਧ ਕਰਕੇ ਉਸ ਉਕਤ ਦੇ ਰਾਹੀਂ ਮੌਤ ਨੇ ਰਾਜ ਕੀਤਾਂ ਤਾਂ ਬਹੁਤ ਵਧੀਕ ਉਹ ਲੋਗ ਜਿਹਨਾਂ ਨੂੰ ਕਿਰਪਾ ਅਤੇ ਧਰਮ ਦੀ ਬਖਸੀਸ਼ ਵਾਫਰ ਮਿਲੀ ਹੈ। ਉਸ ਇੱਕ ਅਰਥਾਤ ਯਿਸ਼ੂ ਮਸੀਹ ਦੇ ਰਾਹੀਂ ਜੀਵਨ ਵਿੱਚ ਰਾਜ ਕਰਨਗੇ। 18 ਉਪਰੰਤ ਜਿਵੇਂ ਇੱਕ ਅਪਰਾਧ ਦੇ ਕਾਰਣ ਸਭਨਾਂ ਮਨੁੱਖਾਂ ਉੱਤੇ ਦੋਸ਼ ਲੱਗਾ ਇਵੇਂ ਹੀ ਧਰਮ ਦੇ ਇੱਕ ਕੰਮ ਦੇ ਕਾਰਣ ਸਭਨਾਂ ਮਨੁੱਖਾਂ ਦੇ ਲਈ ਮਾਫੀ ਅਤੇ ਜੀਵਨ ਮਿਲਿਆ। 19 ਕਿਉਂਕਿ ਜਿਵੇਂ ਉਸ ਇੱਕ ਮਨੁੱਖ ਦੀ ਅਣਆਗਿਆਕਾਰੀ ਦੇ ਕਾਰਣ ਬਹੁਤ ਲੋਗ ਪਾਪੀ ਠਹਿਰਾਏ ਗਏ ਤਿਵੇਂ ਹੀ ਇਸ ਇੱਕ ਆਗਿਆਕਾਰੀ ਦੇ ਕਾਰਣ ਵੀ ਬਹੁਤ ਧਰਮੀ ਠਹਿਰਾਏ ਜਾਣਗੇ।

ਅਮੀਰ ਅਤੇ ਸ਼ਕਤੀਸ਼ਾਲੀ ਮਨੁੱਖਾਂ ਦੇ ਵਿੱਚ ਜੇਹੜੇ ਨੇਮ ਬਣਾਏ ਜਾਂਦੇ ਹਨ ਜਿਆਦਾਤਰ ਉਹ ਆਪਣੀ ਪ੍ਰਤੀਗਿਆਵਾਂ ਨੂੰ ਪੂਰਾ ਨਹੀਂ ਕਰਦੇ

ਜਦਕਿ ਸ਼ਰਤ ਵੀ ਪੂਰੀ ਹੋ ਜਾਂਦੀ ਹੈ। ਉਹ ਅਸਾਨੀ ਨਾਲ ਪਿੱਛੇ ਹੱਟ ਜਾਂਦੇ ਹਨ, ਇਸ ਗੱਲ ਨੂੰ ਜਾਣਦੇ ਹੋਏ ਕਿ ਕੋਈ ਵੀ ਨਹੀਂ ਹੈ ਜੋ ਇਸ ਇਕਰਾਰਨਾਮੇ ਵਿੱਚ ਇੱਛਾ ਰੱਖਦਾ ਹੋਵੇ ਜਾਂ ਇਸ ਯੋਗ ਹੋਵੇ ਜੋ ਇਹ ਕੰਮ ਜਾਰੀ ਰੱਖ ਸਕੇ। ਪਰਮੇਸ਼ਵਰ ਨਾਲ ਅਜਿਹਾ ਨਹੀਂ ਹੋ ਸਕਦਾ ਕਿਉਂਕਿ ਕੋਈ ਵੀ ਉਸਤੋਂ ਉੱਤੇ ਨਹੀਂ ਹੈ, ਜੋ ਉਸ ਨੂੰ ਨਿਆ ਵਾਸਤੇ ਲਿਆ ਸਕੇ। ਉਹ ਆਪਣੇ ਚਰਿੱਤਰ ਦੇ ਪ੍ਰਤੀ ਸੱਚਾ ਅਤੇ ਹਮੇਸ਼ਾ ਨਿਆਈ ਹੈ ।(ਉੱਤਪੱਤ 18 : 25)

ਇਸਨੂੰ ਜੀਵਨ ਦੇ ਨੇਮ ਵੀ ਕਿਹਾ ਜਾਂਦਾ ਹੈ। ਕਿਉਂਕਿ ਹਮੇਸ਼ਾ ਦਾ ਜੀਵਨ ਆਗਿਆਕਾਰਿਤਾ ਦਾ ਇਨਾਮ ਹੋਣਾ ਸੀ। ਹੁਣ ਕੁੱਝ ਪੂਰੇ ਨੇਮ ਦੇ ਵਿਚਾਰਾਂ ਦੇ ਵਿਰੋਧ ਕਰਦੇ ਤੇ ਬਹਿਸ ਕਰਦੇ ਹਨ ਕਿ ਉਹ ਇਸ ਸ਼ਬਦ ਨੂੰ ਉਤਪਤ 2:16–17 ਵਿੱਚ ਨਹੀਂ ਵੇਖਦੇ। ਰੋਬਟ ਰੇਮੰਡ ਇਸ ਵਿਰੋਧ ਦਾ ਉੱਤਰ ਦਿੰਦੇ ਹਨ। *ਪਹਿਲਾ*, ਨੇਮ ਦੀ ਮੌਜੂਦਗੀ ਲਈ ਸ਼ਬਦ ਦਾ ਇਸਤੇਮਾਲ ਕਰਨਾ ਜਰੂਰੀ ਨਹੀਂ ਹੈ। ਉਦਾਹਰਣ ਵੱਲੋਂ 2 ਸਮੂਏਲ 7 ਵਿੱਚ ਸ਼ਬਦ ਦਾ ਇਸਤੇਮਾਲ ਨਹੀਂ ਹੈ, ਫਿਰ ਵੀ ਅਸੀਂ ਜਬੂਰਾ ਦੀ ਪੋਥੀ 89:19–37 ਤੋਂ ਸਿੱਖਦੇ ਹਾਂ ਕਿ ਪਰਮੇਸ਼ਵਰ ਨੇ ਸਹਿਮਤੀ ਨਾਲ ਦਾਉਦ ਨਾਲ ਵਾਦਾ ਕੀਤਾ ਕਿ ਉਹ ਇਸਰਾਈਲ ਉੱਤੇ ਉਸ ਦਾ ਰਾਜ ਸਥਾਪਿਤ ਕਰੇਗਾ। *ਦੂਜਾ*, ਨੇਮ ਦੇ ਤੱਤ (ਪੱਖ, ਨਿਯਮ, ਪਰਤੀਗੀਆਵਾਂ ਅਤੇ ਧਮਕੀਆਂ) ਸ਼ਾਮਿਲ ਸਨ। *ਤੀਜਾ*, ਹੋਸ਼ੇਆ: 6:7 "ਉਹਨਾਂ ਨੇ ਆਦਮ ਵਾਗੂ ਨੇਮ ਦੀ ਉਲੰਘਣਾ ਕੀਤੀ" ਇਹ ਅਸਾਨੀ ਨਾਲ ਸਪੱਸਟ ਕਰਦਾ ਹੈ ਕਿ ਆਦਮ ਦਾ ਪਾਪ ਵੀ ਨੇਮ ਦੀ ਉਲੰਘਣਾ ਕਰਦਾ ਹੈ। ਕੁੱਝ ਇਸ ਵਾਕ ਨੂੰ ਇਸ ਤਰ੍ਹਾਂ ਅਨੁਵਾਦ ਕਰਦੇ ਹਨ ਕਿ ਆਦਮ ਵਾਂਗੂ" ਜਿਵੇਂ" "ਮਨੁੱਖ ਵਾਂਗੂ" ਪਰੰਤੂ ਰੇਮੰਡ ਸਹੀ ਤਰੀਕੇ ਨਾਲ ਉੱਤਰ ਦਿੰਦੇ ਹਨ। "ਮਨੁੱਖਾਂ ਤੋਂ ਇਲਾਵਾ ਉਹ ਕਿਵੇਂ ਉਲੰਘਣਾ ਕਰ ਸਕਦੇ ਹਨ?" ਕੁੱਝ ਇਸ ਵਾਕ ਨੂੰ ਸੁਧਾਰਦੀਆਂ ਹੋਇਆ ਇਸ ਤਰ੍ਹਾਂ ਪੜ੍ਹਦੇ ਹਨ "ਆਦਮ ਵਿੱਚ" ਅਤੇ ਬਹਿਸ ਕਰਦੇ ਹਨ ਕਿ ਉਹ ਨੇਮ ਹੈ ਜਿਹੜਾ ਕਸਬੇ ਵਿੱਚ ਤੋੜਿਆ ਗਿਆ ਉਸ ਨਾਮ ਤੋਂ (ਯਹੋਸੁਆ 3:16) ਪਵਿੱਤਰ ਸ਼ਾਸਤਰ ਵਿੱਚ ਇਸ ਤਰ੍ਹਾ ਦੀ ਘਟਨਾ ਦਾ ਕੋਈ

ਵੀ ਪ੍ਰਮਾਣ ਨਹੀਂ ਹੈ। ਇਹ ਠੀਕ ਲੱਗਦਾ ਹੈ ਕਿ ਲੇਖ ਨੂੰ ਇਕੱਲਿਆਂ ਹੀ ਛੱਡ ਦਿੱਤਾ ਜਾਵੇ। *ਚੌਥਾ*, ਨਵਾਂ ਨੇਮ, ਪੁਰਾਣੇ ਨੇਮ ਦਾ ਉੱਤਮ ਅਨੁਵਾਦਕ ਹੈ ਅਤੇ ਇਹ ਸਾਨੂੰ ਦੱਸਦਾ ਹੈ ਕਿ ਆਦਮ ਪਰਮੇਸ਼ਵਰ ਦੇ ਨਾਲ ਨੇਮ ਵਿੱਚ ਸੀ। (ਰੋਮੀਆਂ ਨੂੰ 5:12-19, ਕੁਰਿੰਥੀਆਂ ਨੂੰ ਪਹਿਲੀ ਪੱਤਰੀ 15:22,45-49 [6]

# 3

# ਕਿਸ ਦੇ ਨਾਲ ਇਸ ਨੇਮ ਨੂੰ ਬਣਾਇਆ ਗਿਆ ਸੀ?

ਕੁੱਛ ਗਲਤੀ ਨਾਲ ਉੱਤਰ ਦਿੰਦੇ ਹਨ "ਸਾਡੇ ਪਹਿਲੇ ਮਾ ਪਿਓ ਨੇ" ਨਹੀਂ, ਨੇਮ ਦੇ ਕੰਮਾ ਨੂੰ ਆਦਮ ਦੇ ਨਾਲ ਬਣਾਇਆ ਗਿਆ। ਜਿਹੜਾ ਮਨੁੱਖ ਜਾਤੀ ਦੇ ਮੁਖਿਆ ਦੇ ਰੂਪ ਵਿੱਚ ਕੰਮ ਕਰਦਾ ਸੀ। ਕੁੱਝ ਦਾ ਕਹਿਣਾ ਹੈ ਕਿ ਇਹ ਦੋਵੇਂ ਆਦਮ ਅਤੇ ਹਵਾ ਦੇ ਨਾਲ ਸੀ। ਇਸਦਾ ਕਾਰਣ ਇਹ ਹੈ ਕਿ ਉਹ ਵੇਖਦੇ ਹਨ ਕਿ ਸਾਧਾਰਣ ਪੀੜੀ ਦੇ ਰਾਹੀਂ ਭਰਸ਼ਟਤਾ ਦਾ ਆਗਮਨ ਹੋਇਆ ਹੈ। ਸਾਨੂੰ ਇਸ ਵਿੱਚ ਅੰਤਰ ਕਰਨਾ ਚਾਹੀਦਾ ਹੈ। ਆਦਮ ਦੇ ਪਹਿਲੇ ਪਾਪ ਦਾ ਅਪਰਾਧ ਜਿਹੜਾ ਸਾਰੀ ਮਨੁੱਖ ਜਾਤੀ ਲਈ ਗਿਣਿਆ ਗਿਆ ਕਿਉਂਕਿ ਉਹ ਉਸਦਾ ਪ੍ਰਤੀਨੀਧੀ ਸੀ, ਅਤੇ ਭਰੱਸ਼ਟਤਾ ਜਿਹੜਾ ਕਿ ਉਸ ਅਪਰਾਧ ਦਾ ਨਤੀਜਾ ਹੈ ਜੋ ਜਨਮ ਰਾਹੀਂ ਪ੍ਰਵੇਸ਼ ਕਰਦੀ ਹੈ। ਜੇਕਰ ਇਹ ਗੱਲ ਨਹੀਂ ਹੈ ਤਾਂ ਅਸੀਂ ਇਹ ਕਿਵੇਂ ਵਿਆਖਿਆ ਕਰ ਸਕਦੇ ਹਾਂ ਕਿ ਇਹ ਕੇਵਲ ਆਦਮ ਦਾ ਪਹਿਲਾ ਪਾਰਟ ਸੀ। ਜਿਸ ਵਿੱਚ ਅਸੀਂ ਵੀ ਭਾਗੀਦਾਰ ਹਾਂ ਅਤੇ ਉਸਦੇ ਸਾਰੇ ਅਪਰਾਧਾਂ ਵਿੱਚ ਨਹੀਂ? ਮਨੁੱਖ ਜਾਤੀ ਵਿੱਚ ਹਵਾ ਆਦਮ ਦੀ ਪ੍ਰਧਾਨਤਾ ਦੇ ਅਧੀਨ ਸ਼ਾਮਿਲ ਸੀ। ਇਹੋ ਕਾਰਣ ਸੀ ਕਿ ਉਸਨੂੰ ਮਿੱਟੀ ਤੋਂ ਨਹੀਂ ਪਰ ਆਦਮ ਤੋਂ ਬਣਾਇਆ ਗਿਆ ਹੈ ਤਾਂ ਅਸੀਂ ਪਾਪ ਦੇ ਭਾਗੀਦਾਰ ਇਸ ਕਰਕੇ ਨਹੀਂ ਹੋਏ, ਕਿਉਂਕਿ ਅਸੀਂ ਸ਼ਾਰੀਰਿਕ ਤੋਰ ਤੋਂ ਆਦਮ ਵਿੱਚ ਸੀ ਪਰ ਇਸਲਈ ਕਿਉਂਕਿ ਉਸਨੇ ਸਾਡੀ ਅਗੁਵਾਈ ਕੀਤੀ। ਇਹ ਕੇਵਲ ਪਵਿੱਤਰ ਸ਼ਾਸਤਰ ਨੂੰ ਸਿੱਧ ਕਰਦਾ ਹੈ ਕਿਉਂਕਿ

ਜੋ ਬਚਾਏ ਗਏ ਹਨ ਉਹ ਸ਼ਾਰੀਰਿਕ ਤੋਰ ਤੋਂ ਮਸੀਹ ਵਿੱਚ ਨਹੀਂ ਹਨ, ਪਰ ਉਸ ਤੋਂ ਰਾਹੀਂ ਪ੍ਰਤੀਨੀਧਿਤਵ ਕੀਤੇ ਗਏ ਹਨ।

ਰੋਬਟ ਡੇਬਨੀ ਇੱਕ ਦੱਖਣੀ ਪਰੈਸਬੀਟੇਰੀਅਨ ਧਰਮ ਗਿਆਨੀ ਮਾਨਵ ਜਾਤੀ ਵਿੱਚ ਆਦਮ ਦੀ ਪ੍ਰਧਾਨਤਾ ਦੇ ਤੱਥ ਦੀ ਮਹਤਤਾ ਨੂੰ ਦਿਖਾਂਦੇ ਹਨ। ਉਹ ਕਹਿੰਦੇ ਹਨ ਕਿ ਜੇਕਰ ਸਾਰੇ ਮਨੁੱਖ ਆਦਮ ਦੀ ਪੀੜੀ ਤੋਂ ਨਹੀਂ ਹੈ, ਜਿਵੇਂ ਕਿ ਵਿਕਾਸ ਦਾ ਸਿਧਾਂਤ ਸਿਖਾਉਂਦੀ ਹੈ ਤੱਦ ਉਹਨਾਂ ਦੇ ਮੁਖਿਆ ਦੇ ਰੂਪ ਵਿੱਚ ਉਹਨਾਂ ਦਾ ਕੋਈ ਵੀ ਸਬੰਧ ਨਹੀਂ ਹੈ, ਉੱਤਪੱਤ 3:15 ਵਿੱਚ ਜਿਹੜਾ ਵਾਦਾ ਮਨੁੱਖ ਜਾਤੀ ਨੂੰ ਦਿੱਤਾ ਗਿਆ ਹੈ ਉਸ ਵਿੱਚ ਵੀ ਉਹ ਭਾਗੀਦਾਰ ਨਹੀਂ ਹੈ। ਇਸਨੂੰ ਜਿਆਦਾਤਰ ਪਹਿਲਾ ਸ਼ੁਭ ਸਮਾਚਾਰ ਵਾਲਾ ਵਾਅਦਾ ਕਿਹਾ ਜਾਂਦਾ ਹੈ। ਜੇਕਰ ਸਾਰੀ ਮਨੁੱਖ ਜਾਤੀ ਆਦਮ ਦੇ ਸ਼ਾਸਨ ਦੇ ਅੰਦਰ ਨਹੀਂ ਹਨ ਤਾਂ ਕਲੀਸੀਆ ਕੋਲ ਇਸ ਸ਼ੁੱਭ ਸਮਾਚਾਰ ਨੂੰ ਧਰਤੇ ਦੇ ਆਖਿਰ ਤੱਕ ਲੈ ਕੇ ਜਾਣ ਦੀ ਆਗਿਆ ਨਹੀਂ ਹੈ। ਅਖੀਰ ਵਿੱਚ ਇਹ ਪਰਮਸ਼ਾਸਤਰਤਾ ਦੀ ਸੰਪੂਰਨਤਾ ਨੂੰ ਨਸ਼ਟ ਕਰਦੀ ਹੈ। ਜਿਹੜੇ ਮਾਨਵ ਜਾਤੀ ਦੇ ਦੋ ਸਿਰ ਹਨ ਆਦਮ ਅਤੇ ਮਸੀਹ। ਇਸ ਕਰਕੇ ਇਹ ਮਹੱਤਵ ਪੂਰਣ ਹੈ ਕਿ ਸਾਰੀ ਮਨੁੱਖ ਜਾਤੀ ਉਹਨਾਂ ਦੇ ਪਿਤਾ ਆਦਮ ਤੋਂ ਆਂਦੇ ਹਨ। ਇੱਥੇ ਬਹੁਤ ਸਾਰੀਆਂ ਜਾਤੀਆਂ ਨਹੀਂ ਹਨ। ਕੇਵਲ ਇੱਕ ਮਨੁੱਖ ਜਾਤੀ ਹੈ। ਰਸੂਲਾਂ ਦੇ ਕਰਤੱਬ 17:26 ਛੁਟਕਾਰਾ ਦੇਣ ਵਾਲੇ ਦੇ ਨਾਲ ਰਿਸ਼ਤੇ ਲਈ ਜਾਤੀ ਦੀ ਏਕਤਾ ਹੋਣਾ ਜਰੂਰੀ ਹੈ।[7]

ਉੱਤਪਤ ਪਾਠ–2, ਵਿੱਚ ਦੱਸਿਆ ਗਿਆ ਹੈ ਕਿ ਆਦਮ ਪਹਿਲਾਂ ਰੱਚਿਆ ਗਿਆ ਸੀ ਅਤੇ ਭਲੇ ਬੁਰੇ ਦੀ ਸਿਆਣ ਦੇ ਬਿਰਛ ਦਾ ਫਲ ਨਾ ਖਾਣ ਦੀ ਆਗਿਆ ਆਦਮ ਨੂੰ ਹਵਾ ਦੇ ਬਣਾਉਣ ਤੋਂ ਪਹਿਲਾਂ ਦਿੱਤੀ ਗਈ ਸੀ। ਉੱਤਪੱਤ 2:7:17 ਅਤੇ ਰੋਮੀਆਂ 5:17 –19 ਵਿੱਚ ਵੀ ਇਹ ਆਦਮ ਦੇ ਪਾਪ ਹਨ। ਜੋ ਉਸਦੀ ਸਾਰੀਆਂ ਪੀੜ੍ਹੀਆਂ ਤੇ ਥੋਪੇ ਗਏ ਨਾਂ ਕਿ ਆਦਮ ਅਤੇ ਹਵਾ ਤੇ। ਏ. ਦਬਲੂ. ਪਿੰਕ ਇਸ ਨੂੰ ਇਸ ਤਰ੍ਹਾਂ ਕਹਿੰਦੇ ਹਨ ਕਿ ਸਾਰੀ ਮਨੁੱਖ ਜਾਤੀ ਦੋ ਭਾਗਾਂ ਵਿੱਚ ਵੰਡੀ ਜਾ ਸਕਦੀ ਹੈ। ਜਿਹੜੇ *ਆਦਮ* ਵਿੱਚ ਹਨ ਅਤੇ ਜਿਹੜੇ *ਮਸੀਹ* ਵਿੱਚ ਹਨ। ਪਹਿਲੇ ਵਾਲੇ ਤੋਂ *ਬਿਨਾਸ਼* ਆਇਆ ਅਤੇ ਦੂਜੇ ਤੋਂ *ਛੁਟਕਾਰਾ* ਆਇਆ

ਅਤੇ ਨਾ ਹੀ ਬਿਨਾਸ਼ ਅਤੇ ਨਾ ਹੀ ਛੁੱਟਕਾਰਾ ਲੇਖ ਰਾਹੀਂ ਸਮਝਿਆ ਜਾ ਸਕਦਾ ਹੈ ਫਿਰ ਵੀ ਉਹਨਾਂ ਦੇ ਪ੍ਰਤੀਨੀਧੀਆਂ ਰਾਹੀਂ ਇਹਨਾਂ ਨੂੰ ਪੂਰਾ ਹੁੰਦੀਆਂ ਦੇਖਿਆ ਜਾ ਸਕਦਾ ਹੈ ਅਤੇ ਤਾਂ ਹੀ ਅਸੀਂ "ਆਦਮ ਵਿੱਚ" ਅਤੇ "ਸਮੀਹ ਵਿੱਚ" ਰਿਸ਼ਤੀਆਂ ਨੂੰ ਸਮਝਦੇ ਹਾਂ। [8]

**ਰੋਮੀਆਂ ਨੂੰ ੫:੧੨** ਇਸ ਲਈ ਜਿਵੇਂ ਇੱਕ ਮਨੁੱਖ ਤੋਂ ਪਾਪ ਸੰਸਾਰ ਵਿੱਚ ਆਇਆ ਅਤੇ ਪਾਪ ਤੋਂ ਮੌਤ ਆਈ ਅਤੇ ਇਸੇ ਤਰ੍ਹਾਂ ਮੌਤ ਸਾਰੇਆਂ ਮਨੁੱਖਾਂ ਵਿੱਚ ਫੈਲ ਗਈ। ਇਸਲਈ ਜੋ ਸਭਨਾਂ ਪਾਪ ਕੀਤਾ।

# 4

# ਕੀ ਨੇਮ ਦੇ ਕੰਮਾ ਵਿੱਚ ਕੋਈ ਕਿਰਪਾ ਸੀ?

ਅਸੀਂ ਇਹ ਕਹਿ ਸਕਦੇ ਹਾਂ ਕਿ ਪਰਮੇਸ਼ਵਰ ਦਾ ਨੇਮ ਜਿਹੜਾ ਮਨੁੱਖ ਨਾਲ ਬੰਨਿਆ ਗਿਆ ਉਸ ਵਿੱਚ ਕਿਰਪਾ ਜਰੂਰ ਸ਼ਾਮਿਲ ਸੀ, ਜਿਹੜਾ ਉਸਦੇ ਵਾਸਤੇ ਜਰੂਰੀ ਨਹੀਂ ਸੀ, ਅਸਲ ਵਿੱਚ ਇਹ ਹੈਰਾਨੀ ਭਰੀ ਕਿਰਪਾ ਹੈ ਕਿ ਸਦੀਪਕ ਪਰਮੇਸ਼ਵਰ ਮਿੱਟੀ ਨਾਲ ਰੱਚੇ ਪ੍ਰਾਣੀ ਦੇ ਨਾਲ ਨੇਮ ਵਿੱਚ ਆਉਣ ਲਈ ਝੁੱਕ ਜਾਣ। ਇਹ ਪਰਮੇਸ਼ਵਰ ਦੀ ਕਿਰਪਾ ਹੀ ਸੀ। ਉਸਨੇ ਇਹ ਵਾਦਾ ਕੀਤਾ ਕਿ ਸਾਰੀ ਮਨੁੱਖ ਜਾਤੀ ਵਾਸਤੇ ਹੈਰਾਨੀ ਭਰਿਆ ਇਨਾਮ ਰੱਖਿਆ। ਇਸ ਆਗਿਆ ਮੰਨਣ ਵਾਸਤੇ ਜਿਹੜਾ ਉਸਦਾ ਹੀ ਸੀ ਇੱਕ ਉੱਤਪੱਤ ਕਰਨ ਵਾਲੇ ਅਤੇ ਸੰਭਾਲਣ ਵਾਲੇ ਦੇ ਰੂਪ ਵਿੱਚ। ਉਹ ਇਸ ਰੂਪ ਵਿੱਚ ਦਿਆਲੂ ਸੀ ਕਿ ਪਰਮੇਸ਼ਵਰ ਨੇ ਅਜਿਹਾ ਕੰਮ ਨਹੀਂ ਦਿੱਤਾ। ਜਿਸਨੂੰ ਕਰਨਾ ਮੁਸ਼ਕਲ ਜਾਂ ਅਸੰਭਵ ਸੀ। ਉਸਨੂੰ ਕੇਵਲ ਇੱਕ ਬਿਰਛ ਦਾ ਫਲ ਨਹੀਂ ਖਾਣਾ ਸੀ। ਇਹ ਕਿਰਪਾ ਸੀ ਕਿ ਪਰੀਖੀਆ ਕੁੱਝ ਸਮੇਂ ਤੱਕ ਹੀ ਸੀਮਿਤ ਸੀ । ਇਹ ਕਿਰਪਾ ਸੀ ਕੀ ਪਰਮੇਸ਼ਵਰ ਨੇ ਆਦਮ ਦੀ ਆਗਿਆ ਪਾਲਣਾ ਨੂੰ ਉਤਸ਼ਾਹ ਕਰ ਵਾਸਤੇ ਇਸ ਤਰ੍ਹਾਂ ਦਾ ਹੈਰਾਨੀ ਭਰਿਆ ਇਨਾਮ ਰੱਖਿਆ ਸੀ ਜਿਹੜਾ ਕਿ ਉਸਦੀ ਸਾਰੀ ਪੀੜੀ ਵਾਸਤੇ ਸਦੀਪਕ ਜੀਵਨ ਹੈ। ਇਹ ਕਿਰਪਾ ਸੀ ਜਦੋਂ ਮਨੁੱਖ ਨੂੰ ਪਰੀਖਿਆ ਦਿੱਤੀ ਗਈ ਕਿ ਉਸਨੂੰ ਸਵਰਗ ਵਿੱਚ ਰੱਖਿਆ ਗਿਆ ਸੀ।[9] ਇਹਨਾਂ ਸਾਰੇਆ ਵਿੱਚ ਨੇਮ ਦੇ ਕੰਮਾਂ ਵਿੱਚ ਬਹੁਤ ਜਿਆਦਾ ਕਿਰਪਾ ਸੀ ਜਦੋਂ ਇਸਨੂੰ ਬਣਾਇਆ ਗਿਆ। ਪਰ ਇੱਕ ਵਾਰ ਬਣ ਜਾਣ ਤੇ ਇਸਦੇ

ਨਤੀਜ ਸਖਤੀਆਈ ਨਾਲ *ਨਿਆ* ਤੇ ਅਧਾਰਿਤ ਸੀ। ਇਸ ਨਤੀਜੇ ਨੂੰ ਕਿਰਪਾ ਦਾ ਇਨਾਮ ਕਹਿਣਾ ਗਲਤ ਹੋਵੇਗਾ।

ਇੱਕ ਵਾਰ ਪਰਮੇਸ਼ਵਰ ਨੇ ਆਪਣੇ ਆਪ ਨੂੰ ਨੇਮ ਵਿੱਚ ਸਮਰਪਿਤ ਕਰ ਦਿੱਤਾ ਤਾਂ ਜੋ ਨਿਆ ਹੀ ਉਸਦਾ ਅਧਾਰ ਹੋਵੇਗਾ। ਜਿਸ ਉੱਪਰ ਇਨਾਮ ਦਿੱਤਾ ਜਾਵੇਗਾ। ਮੇਰਾਡਿਪ, ਕਲਾਈਨ ਲਿਖਦੇ ਹਨ, "ਬਰਕਤਾਂ ਮਹਾਨ ਹਨ ਚੰਗੇ ਪਰਮੇਸ਼ਵਰ ਨੇ ਆਪਣੇ ਆਪ ਨੂੰ ਸਮਪਪਿਤ ਕੀਤਾ ਉਸ ਵਿੱਚ ਥੋੜੀ ਹੀ ਕਿਰਪਾ ਸ਼ਾਮਿਲ ਨਹੀਂ ਹੈ। ਨੇਮ ਵਿੱਚ ਰੱਖੀਆਂ ਗਈਆਂ ਸਰਤਾਂ ਰਾਹੀਂ ਉਹ ਸਾਧਾਰਣ ਨਿਆ ਤੋਂ ਜੋਗ ਠਹਿਰਦੇ ਹਨ। [10]

# 5

# ਉਹ ਕਿਹੜੇ ਹਾਲਾਤ ਸੀ ਜਿਸ ਵਿੱਚ ਪਰੀਖਿਆ ਹੋਈ?

ਉੱਥੇ ਦੋ ਤਰ੍ਹਾ ਦੀ ਹਾਲਾਤ ਸਨ। ਜਿੱਥੇ ਪਰੀਖੀਆ ਨੂੰ ਕੰਮ ਵਿੱਚ ਲਿਆਇਆ ਗਿਆ, ਪਹਿਲਾ, ਅਜਮਾਇਸ਼ ਦਾ ਸਮਾਂ ਸੀ। ਜੋ ਮੁਰੇ ਵਿਆਖਿਆ ਕਰਦੇ ਹਨ ਕਿ ਅਜਮਾਇਸ਼ ਆਪਣੇ ਆਪ ਵਿੱਚ ਥੋੜੇ ਸਮੇਂ ਵਾਸਤੇ ਹੂੰਦੀ ਹੈ। ਕਿਸਮਤ ਜਿਹੜੀ ਕਿਸੀ ਘਟਨਾ ਤੇ ਨਿਰਭਰ ਹੈ। ਉਦੋਂ ਤੱਕ ਸੁਲਝ ਨਹੀਂ ਸਕਦੀ। ਜਦੋਂ ਤੱਕ ਕਿ ਉਹ ਘਟਨਾ ਘੱਟ ਨਾ ਜਾਵੇ। ਇਹ ਸੱਚਾਈ ਆਦਮ ਵਿੱਚ ਚੁਣੇ ਹੋਏ ਫਰਿਸ਼ਤੇ ਅਤੇ ਮਸੀਹ ਦੇ ਸਬੰਧ ਵਿੱਚ ਦਿਖਾਈ ਦਿੰਦਾ ਹੈ। ਸਾਡੇ ਪ੍ਰਭੁ ਦੇ ਸਲੀਬ ਉੱਪਰ ਕਹੇ ਗਏ ਸ਼ਬਦ ਮਹੱਤਵਪੂਰਦ ਹਨ। "ਪੂਰਾ ਹੋਇਆ" ਦਾ ਮਤਲਬ ਉਸਦੀ *ਅਜਮਾਇਸ਼* ਖਤਮ ਹੋ ਗਈ। [11]

ਦੂਜਾ ਇਹ *ਪਰੀਖਿਆ* ਦੀ ਪਰਿਸਥੀਤੀ ਸੀ। ਪਰੀਖਿਆ ਸ਼ਬਦ ਕੇਵਲ ਸਾਧਾਰਣ ਅਰਥ "ਪਰਖ" ਹੀ ਨਹੀਂ ਬਲਕਿ ਇਹ ਇੱਥੇ ਪਾਪ ਦੇ ਪ੍ਰਤੀ ਬੇਨਤੀ ਹੈ ਜਿਵੇਂ ਦੂਜਿਆਂ ਦੇ ਰਾਹ ਵਿੱਚ ਪਾਉਣਾ। ਜੋਨ ਮੁਰੇ ਇੱਕ ਵਾਰ ਫਿਰ ਤੋਂ ਸਪੱਸ਼ਟ ਕਰਦੇ ਹਨ ਕਿ ਪ੍ਰਭੁ ਕਦੇ ਵੀ ਮਨੁੱਖ ਨੂੰ ਪਰੀਖਿਆ ਵਿੱਚ ਨਹੀਂ ਪਾਉਂਦਾ ਹੈ।

> (ਯਾਕੂਬ ਦੀ ਪੱਤਰੀ) 1:13 ਜੋਨ ਮੁਰੇ ਲਿਖਦੇ ਹਨ, ਉਸਨੇ (ਪ੍ਰਭੁ) ਆਦਮ ਅਤੇ ਹਵਾ ਵਿੱਚ ਪਾਪ ਦੀ ਇੱਛਾ ਨਹੀਂ ਕੀਤੀ, ਉਸਨੇ ਇਸਦੇ ਉਲਟ ਕੀਤਾ। ਉਸਨੇ

> ਉਸਦੇ ਪ੍ਰਤੀ ਉਹਨਾਂ ਨੂੰ ਚੇਤਾਵਨੀ ਦਿੱਤੀ ਅਤੇ ਉਸ ਕਾਰਣ ਨੂੰ ਉਸਨੇ ਦੂਜੇ ਪਾਸੇ ਰੱਖਿਆ। ਪਰਮੇਸ਼ਵਰ ਨੇ ਸਾਡੇ ਪਹਿਲੇ ਮਾਤਾ-ਪਿਤਾ ਨੂੰ ਅਜਮਾਇਆ ਉਹ ਅਜਮਾਇਸ਼ ਦਾ ਪ੍ਰਤੀਨੀਧੀ ਸੀ। ਸੱਪ ਪਰੀਖਿਆ ਦਾ ਪ੍ਰਤੀਨੀਧੀ ਸੀ। ਇਹ ਪਰਮੇਸ਼ਵਰ ਦੀ ਕੋਸ਼ਿਸ਼ ਸੀ ਅਤੇ ਨੈਤਿਕ ਅਤੇ ਧਾਰਮਿਕ ਸ਼ਕਤੀਆਂ ਰਾਹੀਂ ਇਸ ਸੱਚ ਦੇ ਨਾਲ ਇਸਨੂੰ ਸਿੱਧ ਕਰਨਾ ਸੀ, ਪ੍ਰਸ਼ਟੀ ਕਰਨਾ ਅਤੇ ਬਰਕਤਾਂ ਨੂੰ ਵਧਾਉਣਾ...ਇਹ ਸ਼ੈਤਾਨ ਦਾ ਭੜਕਾਉਣਾ ਸੀ ਅਤੇ ਇਹ ਯੋਜਨਾ ਕਮਜੋਰ ਕਰਨ ਅਤੇ ਬਦਨਾਮ ਕਰਨ ਲਈ ਸੀ। [12]

ਜਦੋਂ ਤੱਕ ਕਿ ਅਜਮਾਇਸ਼ ਥੋੜੇ ਸਮੇਂ ਵਾਸਤੇ ਸੀ ਅਤੇ ਸ਼ੈਤਾਨ ਦੀ ਮਜਬੂਰ ਪਰੀਖਿਆ ਵਿੱਚ ਸੀ ਫਿਰ ਵੀ ਮਨੁੱਖ ਨੂੰ ਸਹੀ ਸ਼ਰਤਾਂ ਵਿੱਚ ਰੱਖਿਆ ਗਿਆ ਜਿਸ ਵਿੱਚ ਉਹ ਇਸਨੂੰ ਪੂਰਾ ਕਰ ਸਕੇ। ਉਹਨਾਂ ਵਿੱਚੋਂ ਕੁੱਝ ਸ਼ਰਤਾਂ ਉੱਪਰ ਧਿਆਨ ਦਿਓ, ਕਿਉਂਕਿ ਇਹ ਮਸੀਹ ਦੇ ਪ੍ਰਤੀ ਸਾਡੀ ਸਰਹਾਉਣਾ ਨੂੰ ਵਧਾਉਂਦੀ ਹੈ। ਜਿਸ ਵਾਸਤੇ ਇਸ ਤਰ੍ਹਾ ਨਹੀਂ ਸੀ। ਮਨੁੱਖ ਨੂੰ ਸਹੀ ਬਣਾਇਆ ਗਿਆ ਸੀ। (ਉਪਦੇਸ਼ਿਕ ਦੀ ਪੋਥੀ) 7:29) ਇਸ ਕੋਲ ਰੋਸ਼ਨੀ ਸੀ। ਉਸਦੇ ਕੋਲ ਸਕਝਣ ਦੀ ਸ਼ਕਤੀ ਸੀ ਪਵੀਤਰਤਾਈ ਦੀ ਇੱਛਾ ਅਤੇ ਧਾਰਮਿਕ ਵਰਤਾਵਾ ਉਸਦੇ ਹਿਰਦੇ ਤੇ ਪਰਮੇਸ਼ਵਰ ਦੀ ਵਿਵਸਥਾ ਲਿਖੀ ਹੋਈ ਸੀ। ਉਸਨੂੰ ਆਦਮ ਦੇ ਬਾਗ ਵਿੱਚ ਰੱਖਿਆ ਗਿਆ ਸੀ ਅਤੇ ਉਹ ਜੋ ਚਾਹੁੰਦਾ ਸੀ। ਉਸਦਾ ਆਨੰਦ ਲੈ ਰਿਹਾ ਸੀ। ਉਹ ਸ਼ੈਤਾਨ ਦੇ ਹਮਲੇ ਦੇ ਸਾਹਮਣੇ ਖੜ੍ਹੇ ਹੋਣ ਦੇ ਲਾਇਕ ਸੀ ਕਿਉਂਕਿ ਕੋਈ ਵੀ ਬਾਹਰੀ ਸ਼ਕਤੀ ਉਸਦੀ ਇੱਛਾ ਤੇ ਲਾਗੂ ਨਹੀਂ ਹੋ ਸਕਦੀ ਸੀ। ਉਹ ਪਰਮੇਸ਼ਵਰ ਦੇ ਨਾਲ ਸੰਗਤੀ ਜਾਂ ਗੱਲਬਾਤ ਜਿਵੇਂ ਇੱਕ ਸੋਹਣੇ ਰਾਜਕੁਮਾਰ ਦੇ ਨਾਲ ਆਨੰਦ ਕਰ ਰਿਹਾ ਸੀ। [13]

ਇਸ ਤਰ੍ਹਾ ਦੀਆਂ ਘਟਨਾਵਾਂ ਮਨੁੱਖ ਵਾਸਤੇ ਜਦੋਂ ਉਹ ਪਰਮੇਸ਼ਰਵਰ ਰਾਹੀਂ ਅਜਮਾਇਆ ਗਿਆ ਸ਼ੈਤਾਨ ਰਾਹੀਂ ਪ੍ਰੀਖੀਆ ਵਿੱਚ ਪਾਇਆ ਗਿਆ। ਇਹ ਆਖਿਰ ਆਦਮ, ਯਿਸ਼ੂ ਮਸੀਹ ਵਾਸਤੇ ਕਿੰਨਾ ਵਖਰਾ ਹੈ

ਜਿਹੜਾ ਇੱਕ ਪਾਪੀ ਸੰਸਾਰ ਵਿੱਚ ਪੈਦਾ ਹੋਇਆ। ਉੱਨੇ ਮਨੁੱਖ ਜਾਤੀ ਦੇ ਸਾਰੀ ਪਾਪਾਂ ਰਹਿਤ ਕਮਜੋਰਿਆਂ ਸੀ ਅਤੇ ਉਸਦੀ ਜਿੰਦਗੀ ਸਿੱਖਿਆ ਅਤੇ ਪਰੀਖੀਆ ਵਿੱਚ ਸੀ। ਅਤੇ ਉਹ ਅਨਦ ਦੇ ਬਾਗ ਵਿੱਚ ਨਹੀਂ ਪਰ ਇਸ ਪਾਪ ਭਰੇ ਸੰਸਾਰ ਦੇ ਜੰਗਲ ਵਿੱਚ ਸੀ। ਆਦਮ ਅਸਫਲ ਰਿਹਾ ਪਰ ਸਾਨੂ ਵਚਾਉਣ ਵਾਲਾ ਸਾਰੀਆਂ ਨਾਕਾਰਤਕਮ ਘੱਟਨਾਵਾਂ ਤੋਂ ਜਿੱਤਿਆ। ਆਦਮ ਕੋਲ ਸਫਲ ਹੋਣ ਵਾਸਤੇ ਸਾਰੇ ਸਾਧਨ ਸੀ ਤਾਂ ਵੀ ਅਸਫਲ ਰਿਹਾ। ਇਸ਼ੂ ਮਸੀਹ ਦੇ ਨਾਲ ਸਾਰੇ ਵਿਰੋਧੀ ਸੀ। ਉਸਦੇ ਆਪਣੇ ਲੋਕਾਂ ਨੇ ਉਸਨੂੰ ਇੰਨਕਾਰਿਆ, ਉਸਦੇ ਚੇਲੇਆਂ ਨੇ ਉਸਦੇ ਉਦੇਸ਼ ਨੂੰ ਨਹੀਂ ਸਮਝਿਆ ਪਰੰਤੂ ਉਸਨੂੰ ਇਸ ਤਰ੍ਹਾਂ ਨਾ ਕਰਨ ਲਈ ਉਤਸਹਿਤ ਕੀਤਾ। ਉਹਨਾਂ ਸਾਰੇਆਂ ਦੇ ਵਿੱਚ ਵੀ। ਉਸਨੇ ਆਪਣੇ ਪਿਤਾ ਦਾ ਦਿੱਤਾ ਹੋਇਆਂ ਕੰਮ ਜਿੱਤ ਨਾਲ ਖਤਮ ਕੀਤਾ।

6

# ਉਹ ਕਿਹੜੀ ਆਗਿਆਕਾਰਿਤਾ ਸੀ ਜਿਹੜੀ ਆਦਮ ਨੂੰ ਇਸ ਨੇਮ ਵਿੱਚ ਚਾਹੀਦੀ ਸੀ?

ਉਹ ਸਾਰੇਆ ਵਿੱਚ ਇੱਕ ਪੂਰਨ ਆਗਿਆਕਾਰਿਤਾ ਸੀ ਜਿਹੜੀ ਪਰਮੇਸ਼ਰ ਆਦਮ ਕੋਲ ਚਾਹੁੰਦਾ ਸੀ। ਪਹਿਲੀ ਉਹ ਸਿਧਾਂਤ ਲਈ ਪੂਰੀ ਹੋਣੀ ਚਾਹੀਦੀ ਸੀ। ਉਹ ਪਿਆਰ ਨਾਲ ਪੂਰੀ ਹੋਣੀ ਸੀ। ਇਹ ਕੇਵਲ ਬਾਹਰਲੀ ਆਗਿਆਕਾਰਿਤ ਨਹੀਂ ਸੀ ਪਰ ਅੰਦਰਲੀ ਵੀ ਸੀ, ਪਰਮੇਸ਼ਵਰ ਦੀ ਮਹਿਮਾ ਦੇ ਨਾਲ ਜਿਹੜੀ ਉਸਦੇ ਮੁੱਖ ਉਦੇਸ਼ ਦੇ ਰੂਪ ਵਿੱਚ ਹੈ, ਦੂਸਰੀ ਆਗਿਆਕਾਰਿਤਾ ਪਰਮੇਸ਼ਵਰ ਦੀ ਸਾਰੀਆਂ ਆਗਿਆਵਾਂ ਤੋਂ ਹੋਣੀ ਸੀ।

**ਗਲਾਤੀਆਂ ਨੂੰ ੩:੧੦** ਕਿਉਂਕਿ ਜਿੰਨੇ ਸ਼ਰਾਂ ਦੇ ਕੰਮਾਂ ਉੱਤੇ ਭਰੋਸਾ ਰਖਦੇ ਹਨ, ਉਹ ਸਰਾਪ ਦੇ ਹੇਠਾ ਹਨ। ਕਿਉਂਕਿ ਜੋ ਇਹ ਲਿਖਿਆ ਹੋਇਅ ਹੈ ਸਰਾਪਿਤ ਹੋਵੇ ਹਰੇਕ ਜਿਹੜਾ ਉਹਨਾਂ ਸਬਨਾਂ ਗੱਲਾਂ ਦੇ ਕਰਨ ਵਿੱਚ ਜਿਹੜੀਆਂ ਸਰਾਂ ਦੇ ਪੁਸਤਕ ਵਿੱਚ ਲਿਖਿਆਂ ਹਨ। ਲੱਗਾ ਨਹੀਂ ਰਹਿੰਦਾ।

ਤੀਸਰਾ ਉਸਦੀ ਆਗਿਆਕਾਰਿਤਾ ਤੋਂ ਉਚ ਸਥਾਨ ਦਾ ਪੂਰਾ ਹੋਣਾ ਸੀ। ਉਹ ਇਹ ਹੈ ਕਿ ਉਸਨੂੰ ਪਰਮੇਸ਼ਵਰ ਨੂੰ ਆਪਣੇ ਸਾਰੇ ਦਿਲ, ਆਤਮਾ ਅਤੇ ਸ਼ਕਤੀ ਨਾਲ ਪਿਆਰ ਕਰਨਾ ਸੀ। ਸਾਰੇ ਕੰਮਾਂ ਦਾ ਪੂਰਾ ਹੋਣਾ ਸੀ। ਇਸ ਤਰ੍ਹਾਂ ਦੀਆਂ ਆਗਿਆਕਾਰਿਤਾ ਸੋਚ ਤੋਂ ਬਾਹਿਰ ਹੈ ਕਿਉਂਕਿ ਅਸੀਂ ਪਾਪੀ ਹਾਂ ਅਤੇ ਸਾਡੇ ਸਾਰੇ ਚੰਗੇ ਕੰਮ ਪਾਪਾਂ ਰਾਹੀਂ

ਦੂਸ਼ਿਤ ਹਨ। ਪਰੰਤੂ ਆਦਮ ਪੂਰਣ ਰੂਪ ਤੋਂ ਰੱਚਿਆ ਗਿਆ ਹੈ। ਉਸਦੀ ਰਚਨਾ ਵਿੱਚ ਕੋਈ ਵੀ ਤਰੁੱਟੀ ਨਹੀਂ ਸੀ। ਪਰਮੇਸ਼ਵਰ ਪੂਰਣਤਾ ਤੋਂ ਘੱਟ ਕੁੱਝ ਵੀ ਨਹੀਂ ਆਪਨਾਏਗਾ। ਚੌਥਾ ਉਸਦੀ ਆਗਿਆਕਾਰਿਤਾ ਉਸ ਸਮੇਂ ਦੇ ਵਿੱਚ ਪੂਰੀ ਹੋਣੀ ਸੀ ਜਿਹੜਾ ਸਮੇਂ ਪਰਮੇਸ਼ਵਰ ਨੇ ਉਸਨੂੰ ਦਿੱਤਾ ਸੀ। ਇਸਦਾ ਇਹ ਮਤਲਬ ਨਹੀਂ ਕਿ ਜਦ ਪਰੀਖਿਆ ਖਤਮ ਹੋ ਗਈ ਤਾਂ ਉਹ ਪਾਪ ਕਰ ਸਕਦਾ ਸੀ। ਉਸਨੂੰ ਆਪਣੀ ਪਾਕ ਸਥੀਤੀ ਤੋਂ ਨਿਸ਼ਚਤ ਹੋਣਾ ਸੀ। ਦਿੱਤੇ ਗਏ ਹਮੇਸ਼ਾ ਦੇ ਜੀਵਨ ਵਿੱਚ ਫਿਰ ਤੋਂ ਡਿੱਗਣ ਦੀ ਸੰਭਾਵਨਾ ਦੀ ਖਤਰਾ ਨਹੀਂ ਰਹਿਣਾ ਸੀ।

ਪ੍ਰਭੂ ਯਿਸ਼ੂ ਮਸੀਹ, ਆਖਿਰ ਆਦਮ ਨੇ ਇਸ ਪ੍ਰਕਾਰ ਦੀ ਆਗਿਆਕਾਰਿਤਾ ਨੂੰ ਹਰ ਪ੍ਰਕਾਰ ਦੀ ਮੁਸ਼ਕਲ ਹਾਲਾਤਾਂ ਵਿੱਚ ਪੂਰਾ ਕੀਤਾ। ਇੱਥੋਂ ਤੱਕ ਕਿ 40 ਦਿਨ ਬਰੱਤ  ਤੋਂ ਬਾਅਦ ਵੀ ਜਦੋਂ ਉਹ ਜੰਗਲ ਦੇ ਵਿੱਚ ਸੀ ਤਾਂ ਉਸਨੇ ਕਦੇ ਵੀ ਇੱਕ ਵਾਰ ਵੀ ਆਪਣੇ ਮਤਲਬ ਲਈ ਕੁੱਝ ਵੀ ਪ੍ਰਾਪਤ ਨਹੀਂ ਕੀਤਾ। ਉਸਨੇ ਪਰਮੇਸ਼ਵਰ ਦੀ ਮਹਿਮਾ ਵਾਸਤੇ ਆਪਣੇ ਜਿੰਦਗੀ ਬਤੀਤ ਕੀਤੀ। ਉਸਨੇ ਵਿਵਸਥਾ ਦੀਆਂ ਸਾਰੇ ਹੁਕਮ ਮੰਨੇ। ਉਹ ਆਪਣੇ ਵਿਰੋਧੀਆਂ ਨੂੰ ਕਹਿ ਸਕਦਾ ਸੀ, "ਕਿ ਕੌਣ ਮੈਨੂੰ ਪਾਪ ਦਾ ਦੋਸ਼ੀ ਠਹਿਰਾ ਸਕਦਾ ਹੈ" ਯੂਹੰਨਾ 8:46 ਉਸਨੇ ਉਸਨੂੰ ਪੂਰੀ ਤਰ੍ਹਾ ਨਾਲ ਮੰਨਿਆ ਅਤੇ ਬਾਪ ਨੇ ਉਸਨੂੰ ਉਸਦੀ ਆਗਿਆਕਾਰਿਤਾ ਲਈ ਉੱਚਾ ਚੁੱਕਿਆ। ਉਸਨੇ ਉਸਨੂੰ ਆਪਣੀ ਜਿੰਦਗੀ ਭਰ ਮੰਨਿਆ। ਇਸਲਈ ਉਹ ਸਲੀਬ ਉੱਤਰ ਸੱਚਾਈ ਨਾਲ ਪੁਕਾਰਣ ਦੇ ਕਾਬਿਲ ਸੀ।, "ਪੂਰਾ ਹੋਇਆ" ਉਸਨੇ ਉਸ ਕੰਮ ਨੂੰ ਪੂਰਾ ਕੀਤਾ ਜਿਹੜਾ ਬਾਪ ਨੇ ਉਸਨੂੰ ਦਿੱਤਾ ਸੀ।

ਮਨੁੱਖ ਦੀ ਆਗਿਆਕਾਰਿਤ ਚੰਗੇ ਅਤੇ ਮਾੜੇ ਰੁੱਖ ਤੇ ਅਧਾਰਿਤ ਸੀ। ਮੌਤ ਦੇ ਦਰਦ ਦੇ ਬਦਲੇ ਉਸਨੂੰ ਨਹੀਂ ਖਾਣਾ ਚਾਹੀਦਾ ਸੀ। ਪਰਮੇਸ਼ਵਰ ਦੀ ਵਿਵਸਥਾ ਮਨੁੱਖ ਦੇ ਹਿਰਦੇ ਤੇ ਲਿਖੀ ਹੋਈ ਸੀ। ਉਸਨੂੰ ਵਿਆਹ ਅਤੇ ਸ਼ਬਦ ਦੇ ਦਿਨ ਦੀ ਪ੍ਰਥਾ ਦਿੱਤੀ ਹੋਈ ਸੀ। ਇਹ ਉਸ ਵਾਸਤੇ ਵਾਸਤਵਿਕ ਸੀ ਕਿ ਉਹ ਆਪਣੇ ਰੱਚਣ ਵਾਲੇ ਪਰਮੇਸ਼ਵਰ ਦੀ ਆਗਿਆ ਮੰਨੇ ਕਿ ਪਰਮੇਸ਼ਵਰ ਅਤੇ ਗੁਆਂਢੀ ਨੂੰ ਨੈਤਿਕ ਵਿਵਸਥਾ ਇਸ ਤਰ੍ਹਾਂ ਸੰਖੇਪ ਵਿੱਚ ਕਹੀ ਜਾ ਸਕਦੀ ਹੈ। ਇੱਥੋਂ

ਤੱਕ ਕਿ ਪਰਮੇਸ਼ਵਰ ਨੇ ਮਨੁੱਖ ਦੀ ਪਰੀਖਿਆ ਦਾ ਰਸਤਾ ਬੰਦ ਕੀਤਾ। ਕਿਉਂ! ਇਸ ਨਿਸ਼ਚਤ ਆਗਿਆ ਨੂੰ ਦੇਣ ਲਈ ਮਨੁੱਖ ਨੂੰ ਆਗਿਆ ਮੰਨਣੀ ਸੀ। ਕਿਉਂਕਿ ਪਰਮੇਸ਼ਵਰ ਨੇ ਇਸ ਤਰ੍ਹਾਂ ਕਿਹਾ ਸੀ । ਇਸ ਤਰ੍ਹਾ ਬਿਰਛ ਦੇ ਸੁਭਾਓ ਵਿੱਚ ਕੁੱਝ ਨਹੀਂ ਸੀ ਕਿ ਉਸਨੂੰ ਖਾਣ ਮਗਰੋਂ ਵਖਰਾ ਰੱਖਿਆ ਜਾਵੇ। ਉਹ ਦੂਜੀਆਂ ਬਿਰਛਾਂ ਵਾਂਗ ਸੀ। ਨੈਤਿਕ ਵਿਵਸਥਾ ਅਨੁਸਾਰ ਕੋਈ ਵੀ ਕਾਰਣ ਨਹੀਂ ਮਿਲਿਆ ਕਿ ਉਹ ਉਸ ਵਿੱਚੋਂ ਨਹੀਂ ਖਾ ਸਕਦਾ ਸੀ। ਡਬਲਿਯੂ ਹੈਂਸ ਕੁੱਝ ਕਾਰਣ ਦਿੰਦੇ ਹਨ ਕਿ ਕਿਉਂ ਇਸ ਤਰ੍ਹਾਂ ਦਾ ਰਸਤਾ ਪਰੀਖਿਆ ਲਈ ਸਹੀ ਸੀ। ਉਹ ਕਹਿੰਦੇ ਹਨ ਕਿ ਉਹ ਮਨਮਾਨੀ ਢੰਗ ਨਾਲ ਸੀ। ਇਹ ਕੁੱਝ ਗੱਲਾਂ ਵਾਸਤੇ ਆਗਿਆ ਦੇਣਾ ਸੀ, ਜਿਸ ਵਿੱਚ ਕੋਈ ਨੈਤਿਕ ਰੂਪ ਗਲਤ ਨਹੀਂ ਸੀ। ਇਹ ਉਸਦੇ ਸੁਭਾਓ ਤੋਂ ਪਰੀਖਿਆ ਸੀ। ਕੇਵਲ ਪਰਮੇਸ਼ਵਰ ਦੀ ਇੱਛਾ ਤੋਂ ਇਲਾਵਾ, ਜਦ ਉਸਨੂੰ ਨਾ ਖਾਣ ਦਾ ਕੋਈ ਵੀ ਕਾਰਣ ਦਿੱਤਾ ਗਿਆ ਹੈ। ਇਹ ਮਨੁੱਖ ਦੀ ਅਜਾਦੀ ਦੀ ਇੱਛਾ ਦੇ ਵਿਰੁੱਧ ਦਿਖਾਈ ਦਿੰਦਾ ਹੈ। ਜੋ ਉਹ ਕਰਨਾ ਚਾਹੁੰਦਾ ਸੀ। ਬਿਰਛ ਦਾ ਨਾਂ ਇਹ ਦੱਸਦਾ ਹੈ ਕਿ ਇਹ ਉਹ ਰਸਤਾ ਸੀ ਜਿਸ ਵਿੱਚ ਉਹ ਚੰਗੇ ਅਤੇ ਮਾੜੇ ਨੂੰ ਜਾਣਨ ਦੀ ਪਰਿਪੂਰਣਤਾ ਨੂੰ ਪ੍ਰਾਪਤ ਕਰੇਗਾ। [14]

ਇਥੋਂ ਤੱਕ ਕਿ ਪਰੀਖਿਆ ਸਾਧਾਰਣ ਹੀ ਸੀ। ਇਹ ਬਹੁਤ ਉਚਿਤ ਸੀ ਕਿ ਮਨੁੱਖ  ਪਰਮੇਸ਼ਰ ਦੇ ਮੂੰਹ ਤੋਂ ਨਿਕਲੇ ਸ਼ਬਦਾਂ ਉਤੇ ਪੂਰੀ ਨਿਰਭਰਤਾ ਰਖੇ ਚਾਹੇ ਉਹ ਉਸ ਦਾ ਮਤਲਬ ਸਮਝੇ ਜਾ ਨਹੀਂ।

ਸਾਡੇ ਬਚਾਉਦਣ ਵਾਲੇ ਨੂੰ ਆਤਮਾ ਰਾਹੀਂ ਜੰਗਲ ਵਿੱਚ ਲੈ ਜਾਇਆ ਗਿਆ ਤਾਂ ਕਿ ਸ਼ੈਤਾਨ ਰਾਹੀਂ ਇਸਦੀ ਪਰੀਖਿਆ ਹੋਵੇ। ਉਹ ਲਗਾਤਾਰ ਸ਼ੈਤਾਨ ਰਾਹੀਂ ਪਰਮੇਸ਼ਵਰ ਦੀ ਵਿਵਸਥਾ ਦਾ ਜਿਹੜੀ ਉਸਦੇ ਲਈ ਸੀ। ਉਸ ਉੱਪਰ ਸ਼ੱਕ ਕਰਨ ਲਈ ਅਤੇ ਪੱਧਰ ਨੂੰ ਰੋਟੀ ਵਿੱਚ ਬਦਲਣ ਲਈ ਕਿਹਾ ਗਿਆ। ਯਿਸ਼ੁ ਨੇ ਆਪਣੇ ਪੂਰੇ ਵਿਸ਼ਵਾਸ ਨੂੰ ਆਪਣੇ ਪਿਤਾ ਦੇ ਉੱਪਰ ਨਿਰਭਰਤਾ ਨੂੰ ਦਰਸ਼ਾਉਂਦੇ ਹੋਏ ਉੱਤਰ ਦਿੱਤਾ।

**ਮੱਤੀ ੪:੧** ਤਦ ਯਿਸ਼ੂ ਆਤਮਾ ਦੀ ਅਗੁਵਾਈ ਨਾਲ ਉਜਾੜ ਵਿੱਚ ਗਿਆ ਤਾਂ ਜੋ ਸ਼ੈਤਾਨ ਕੋਲੋਂ ਪਰਤਾਇਆ ਜਾਵੇ। 2: ਅਤੇ ਜਾਂ ਚਾਲੀ

ਦਿਨ ਅਤੇ ਚਾਲੀ ਰਾਤ ਵਰਤ ਰੱਖਿਆ ਤਾਂ ਉੜਕ ਉਹ ਨੂੰ ਭੁੱਖ ਲੱਗੀ। 3. ਤਦ ਪਰਤਾਉਣ ਵਾਲੇ ਨੇ ਕੋਲ ਆਣ ਕੇ ਉਸਨੂੰ ਕਿਹਾ ਕਿ ਜੇ ਤੂੰ ਪਰਮੇਸ਼ਵਰ ਦਾ ਪੁੱਤਰ ਹੈ ਤਾਂ ਕਹੁ ਜੋ ਇਹ ਪੱਧਰ ਰੋਟੀਆ ਬਣ ਜਾਣ।”4. ਪਰ ਉਸਨੇ ਉੱਤਰ ਦਿੱਤਾ, “ਲਿਖਿਆ ਹੈ ਭਈ ਇਨਸਾਨ ਨਿਰੀ ਰੋਟੀ ਨਾਲ ਹੀ ਜਿੰਦਾ ਨਹੀਂ ਰਹੇਗਾ ਪਰ ਹਰੇਕ ਵਾਕ ਨਾਲ ਜਿਹੜ ਪਰਮੇਸ਼ਵਰ ਦੇ ਮੁੱਖੋਂ ਨਿਕਲਦਾ ਹੈ।”

ਜੋ ਇਸ ਪ੍ਰਕਾਰ ਦੀ ਸਿੱਖਿਆ ਸਾਡੇ ਪ੍ਰਤੀਨੀਧੀ ਆਦਮ ਦੀ ਪਰੀਖਿਆ ਲਈ ਇੱਕ ਉੱਚਿਤ ਰਸਤਾ ਸੀ। ਡਬਲਿਊ ਹੈਂਸ ਲਿਖਦੇ ਹਨ ਕਿ ਇਸਦਾ ਮਕਸਦ ਉਹਨਾਂ ਤੋਂ ਕੁੱਝ ਚੰਗਾ ਰੋਕਣਾ ਨਹੀਂ ਸੀ ਪਰੰਤੂ ਉਸਦੀ ਇਸ ਪਰੀਖਿਆ ਨੂੰ ਲਾਉਣਦਾ ਇਹ ਮਕਸਦ ਨਹੀਂ ਸੀ ਕਿ ਉਹ ਉਸ ਵਿਚ ਅਸਫਲ ਹੋ ਜਾਵੇ। ਪਰੰਤੂ ਉਸਨੂੰ ਇਸ ਹਾਲਤਾ ਵਿੱਚ ਰੱਖਣਾ ਸੀ ਕਿ ਉਹ ਇਸ ਆਗਿਆਕਾਰਿਤਾ ਨੂੰ ਵਿਖਾ ਸਕੇ। ਜਿਹੜਾ ਨੇਮ ਦੇ ਕੰਮਾਂ ਰਾਹੀਂ ਅਤੇ ਇਸ ਤਰ੍ਹਾ ਦੀ ਹਮੇਸ਼ਾਂ ਦੀ ਜਿੰਦਗੀ ਦੇ ਇਨਾਮ ਨੂੰ ਪਾ ਸਕੇ। ਕਿਉਂਕਿ ਅਗਿਆਕਾਰਿਤਾ ਦਾ ਰਸਤਾ ਇੱਕ ਛੋਟੇ ਬੱਚੇ ਦੇ ਸਮਾਨ ਹੈ। ਪਿਤਾ ਵਿੱਚ ਅਸਪੱਸ਼ਟ ਵਿਸ਼ਵਾਸ ਦੀ ਆਗਿਆਕਾਰਿਤਾ ਉਹਦੇ ਸਿਧ ਹੋਣ ਦੇ ਲਈ ਇਕ ਸਹੀ ਰਸਤਾ ਹੈ। [15]

ਸਾਡੇ ਪ੍ਰਭੁ ਨੇ ਆਪਣੇ ਪਿਤਾ ਦੇ ਓੱਪਰ ਅਸਪਸ਼ਟ ਵਿਸ਼ਵਾਸ ਨੂੰ ਚੁਣਿਆ। ਇੱਥੋਂ ਤੱਕ ਕਿ ਜਦੋਂ ਉਹ ਰਸਤਾ ਉਸਨੂੰ ਸਲੀਬ ਤੇ ਲੈ ਜਾਇਗਾ ਫਿਰ ਵੀ ਉਹ ਇਹ ਕਹੁਗਾ ਕਿ, “ਮੇਰੀ ਨਹੀਂ ਪਰ ਤੇਰੀ ਮਰਜੀ ਪੂਰੀ ਹੋਵੇ।”

# 7

# ਭਲੇ ਬੁਰੇ ਦੀ ਸਿਆਣ ਦਾ ਬਿਰਛ ਕਿਸ ਗੱਲ ਦਾ ਪ੍ਰਤੀਕ ਹੈ?

ਇਹ ਬਿਰਛ ਇੱਕ ਵਾਸਤਵਿਕ ਬਿਰਛ ਸੀ। ਜਿਵੇਂ ਕਿ ਬਾਅਦ ਵਿੱਚ ਦੂਜੇ ਬਿਰਛ ਸਨ। ਇਹ ਬਾਗ ਦੇ ਵਿੱਚਕਾਰ ਸੀ। ਕਿਉਂਕਿ ਇਸਦੇ ਰਾਹੀਂ ਪਰੀਖਿਆ ਹੋਣੀ ਸੀ। ਆਦਮ ਨੂੰ ਪਰਮੇਸ਼ਵਰ ਦੀਆਂ ਸਾਰੀਆਂ ਅਗਿਆਵਾਂ ਮੰਨਣੀਆਂ ਚਾਹੀਦੀਆਂ ਸਨ। ਪਰ ਇਹ ਬਿਰਛ ਇਸ ਉੱਪਰ ਨਿਰਧਾਰਿਤ ਸੀ ਕਿ ਉਹ ਪਰਮੇਸ਼ਵਰ ਦੀ ਆਗਿਆ ਨੂੰ ਪਰਮੇਸ਼ਵਰ ਦੇ ਵਚਨ ਦੇ ਅਨੁਸਾਰ ਮੰਨੇਗਾ ਜਾਂ ਨਹੀਂ। ਬਿਰਛ ਦੇ ਅੰਦਰ ਕੋਈ ਵੀ ਜਾਦੂਈ ਸ਼ਕਤੀ ਨਹੀਂ ਸੀ ਕਿ ਉਹ ਭਲਾ ਜਾਂ ਬੁਰੇ ਦਾ ਗਿਆਨ ਦੇ ਸਕੇ। ਬਿਰਛ ਦਾ ਫੱਲ ਚੰਗਾ ਸੀ। ਉਹ ਦੇਖਣ ਵਿੱਚ ਭਾਉਂਦਾ ਸੀ। ਉਹ ਜਹਰੀਲਾ ਨਹੀਂ ਸੀ। ਬਿਰਛ ਵਿਸ਼ਵਾਸ ਅਤੇ ਆਗਿਆਕਾਰਿਤਾ ਦਾ ਪ੍ਰਤੀਤ ਸੀ। ਲਗਾਤਾਰ ਪਰਮੇਸ਼ਵਰ ਤੇ ਵਿਸ਼ਾਵਾਸ ਰੱਖਣਾ ਉਸਨੂੰ ਇਸ ਫਲ ਨੂੰ ਖਾਣ ਤੋਂ ਬਚਾਉਣ ਲਈ ਕਾਫੀ ਸੀ। ਇਸ ਸੱਚਾਈ ਵਾਸਤੇ ਬਿਰਛ ਦਾ ਨਾਂ ਰੱਖਿਆ ਗਿਆ ਕਿ ਮਨੁੱਖ ਆਪਣੇ ਆਪ ਚੰਗੇ ਅਤੇ ਬੁਰੇ ਨੂੰ ਜਾਣ ਜਾਵੇਗਾ। ਉਹ ਚੰਗੇ ਅਤੇ ਬੁਰੇ ਦੀ ਸਿੱਖਿਆ ਪਾਸ ਕਰਨ ਤੇ ਜਾਣ ਜਾਂਦਾ। ਚੰਗੇ ਨੂੰ ਜਾਣਨਾ ਪਰਮੇਸ਼ਵਰ ਦੀ ਆਗਿਆ ਨੂੰ ਮੰਨਣਾ ਹੈ ਅਤੇ ਬੁਰਾ ਉਹ ਹੈ ਜਿਹੜਾ ਪਰਮੇਸ਼ਵਰ ਨੇ ਮਨ੍ਹਾ ਕੀਤਾ ਹੈ। ਆਦਮ ਨੇ ਚੰਗੇ ਅਤੇ ਬੁਰੇ ਨੂੰ ਉਸ ਅਵਸਥਾ ਵਿੱਚ ਜਾਣਿਆ ਜਿਸ ਵਿੱਚ ਉਸਨੇ ਕੋਈ ਵੀ ਸੁੱਖ ਦੇ ਹਾਲਾਤ ਨਹੀਂ ਸਨ। ਹੁਣ ਉਹ ਬੁਰਾਈ ਜਾਣਦਾ ਸੀ ਅਤੇ ਆਪਣੇ ਮਨ ਵਿੱਚ ਬੁਰਾ ਅਨੁਭਵ ਕਰਦਾ ਸੀ। ਚੰਗਾ ਉਹ ਸੀ ਜਿਹੜਾ ਹੁਣ ਉਹ ਕਰ ਨਹੀਂ ਸਕਦਾ ਸੀ। ਇਹ ਇਸ ਤਰ੍ਹਾ

ਨਹੀਂ ਹੈ ਜਿਵੇਂ ਕਿ ਕੁੱਝ ਲੋਗ ਸਿਖਾਉਂਦੇ ਹਨ ਕਿ ਉਹ ਸਫਲ ਹੋਇਆ ਹੁੰਦਾ ਤਾਂ ਉਹ ਕੇਵਲ ਚੰਗੇ ਨੂੰ ਹੀ ਜਾਣਦਾ, ਜੇਕਰ ਉਹ ਅਸਫਲ ਹੁੰਦਾ ਤਾਂ ਉਹ ਕੇਵਲ ਬੁਰਾਈ ਨੂੰ ਹੀ ਜਾਣਦਾ। ਧਿਆਨ ਦਿਓ! ਬਿਰਛ ਚੰਗੇ *ਅਤੇ* ਬੁਰੇ ਦੀ ਸਿਆਣ ਦਾ ਬਿਰਛ ਅਖਵਾਇਆ, ਨਾ ਕਿ "ਭਲੇ *ਤੇ* ਬੁਰੇ"[16] ਵਿਸ਼ਵਾਸ਼ ਅਤੇ ਆਗਿਆ ਇਸ ਬਿਰਛ ਦਾ ਅਰਥ ਸੀ। ਆਦਮ ਦੋਨਾਂ ਨੂੰ ਰੋਕਣ ਵਾਸਤੇ ਅਸਫਲ ਰਿਹਾ ਅਤੇ ਦਿਆਲੂ ਰੂਪ ਵਿੱਚ ਪਰੀਖਿਆ ਤੋਂ ਅਸਫਲ ਰਿਹਾ। ਇਹ ਬਿਰਛ ਉਚਿਤ ਪ੍ਰਤੀਤ ਸੀ। ਕਿਉਂਕਿ ਇਹ ਉਸਦੀ ਪਰੀਖਿਆ ਦੇ ਸਮੇਂ ਵਿੱਚ ਸੀ।

# 8

# ਜਦੋਂ ਆਦਮ ਰੱਚਿਆ ਗਿਆ ਤਾਂ ਉਹ ਕਿਵੇਂ ਪਾਪ ਕਰ ਸਕਦਾ ਹੈ?

ਆਖਿਰ ਵਿੱਚ ਇਹ ਗੁਪਤ ਹੈ ਜਿਸਨੂੰ ਅਸੀਂ ਸੁਲਝਾ ਨਹੀਂ ਸਕਦੇ। ਕੁੱਝ ਕਾਰਣ ਹਨ ਜਿਹੜੇ ਇਸ ਦਿਸ਼ਾ ਵਿੱਚ ਕੁੱਝ ਸੁਰਾਗ ਦਿੰਦੇ ਹਨ। ਜਿਸ ਵਿੱਚ ਕੁੱਝ ਸਮਾਧਾਨ ਹੁੰਦਾ ਹੈ।

ਏ.ਡਬਲਿਊ. ਪਿੰਕ ਕੁੱਝ ਸੁਝਾਅ ਦਿੰਦੇ ਹਨ ਕਿ ਕਿਵੇਂ ਇੱਕ ਪੂਰਾ ਸੰਸਾਰ ਪਾਪ ਦਾ ਵਿਸ਼ਾ ਹੋ ਸਕਦਾ ਹੈ। ਪਹਿਲਾ ਆਦਮ ਜਿਹੜਾ ਕਿ ਰੱਚਿਆ ਗਿਆ ਹੈ, ਪਰੀਵਰਤਨਸ਼ੀਲ ਅਤੇ ਬਦਲਣ ਵਾਲਾ ਸੀ। ਸਾਰੇ ਅੰਤਕਰਣ ਦਾ ਸੰਸਾਰ ਪਰੀਵਰਤਨਸ਼ੀਲ ਹੈ। ਕੇਵਲ ਪਰਮੇਸ਼ਵਰ ਅਪਰੀਵਰਤਨਸ਼ੀਲ ਹੈ। ਜਿਹੜਾ ਕਦੇ ਵੀ ਬਦਲਦਾ ਨਹੀਂ। ਇਹ ਨਾ ਬਦਲਣ ਦੀ ਯੋਗਤਾ ਮਨੁੱਖਾ ਅਤੇ ਫਰਿਸ਼ਤੀਆਂ ਤੇ ਲਾਗੂ ਨਹੀਂ ਹੁੰਦੀ। ਇਹ ਸੱਚ ਹੈ ਕਿ ਮਨੁੱਖ ਫਰਿਸ਼ਤੇ, ਸਵਰਗ ਵਿੱਚ ਪਰਿਵਰਤਸ਼ੀਲ ਨਹੀਂ ਰਹਿਣਗੇ ਪਰ ਉਹਨਾਂ ਨੂੰ ਰੱਖਣਾ ਪਰਮੇਸ਼ਵਰ ਦੀ ਸ਼ਕਤੀ ਉੱਤੇ ਨਿਰਭਰ ਸੀ। ਉਹਨਾਂ ਦੀ ਅਪਰੀਵਰਤਨਸ਼ੀਲ ਤੇ ਕਬਜਾ ਜਮਾਉਣ ਦੇ ਇਲਾਵਾ ਦੂਜੀ ਥਾਂ ਤੇ ਮਨੁੱਖ ਇੱਕ ਉੱਤਰਦਾਈ ਪ੍ਰਾਣੀ ਹੈ। ਮਨੁੱਖ ਕੋਲ੍ਹ ਸਵਤੰਤਰ ਇੱਛਾ ਸੀ। ਜਿਸ ਵਿੱਚ ਉਹ ਭਲੇ ਅਤੇ ਬੁਰੇ ਦੋਨਾਂ ਨੂੰ ਚੁਣ ਸਕਦਾ ਸੀ। ਇਹ ਆਜਾਦੀ ਦਸਦੀ ਹੈ ਕਿ ਮਨੁੱਖ ਗਲਤ ਰਸਤਾ ਚੁੰਨਣ ਦੇ ਕਾਬਿਲ ਸੀ। ਤੀਜੇ ਥਾਂ ਤੇ ਮਨੁੱਖ ਨੂੰ ਸਿੱਖਿਆ ਦੇ ਅੰਦਰ ਰੱਖਿਆ ਗਿਆ। ਜਿਸਦਾ ਮਤਲਬ ਹੈ ਕਿ ਉਹ ਵਿਸ਼ਵਾਸਯੋਗ ਨਹੀਂ ਸੀ। ਨਹੀਂ ਤਾਂ ਪਰੀਖਿਆ ਕਰਨਾ ਅਰਥਹੀਨ ਹੁੰਦਾ। ਇਹਨਾਂ ਸਾਰੀਆਂ

ਗੱਲਾਂ ਦਾ ਮਤਲਬ ਇਹ ਹੈ ਕਿ ਉਹ ਪਾਪ ਦੇ ਅਧੀਨ ਸੀ ਉਹ ਕੇਵਲ ਆਪਣੇ ਪੂਰੇ ਭਰੋਸੇ ਨੂੰ ਪਰਮੇਸ਼ਵਰ ਉੱਤੇ ਰੱਖ ਕੇ ਹੀ ਸੁਰੱਖਿਤ ਰਹਿ ਸਕਦਾ ਸੀ। ਪਿੰਕ ਲਿਖਦੇ ਹਨ ਪਰੰਤੂ ਮਸੀਹ ਦੀ ਵਧੇਰੇ ਅਦਭੁੱਤ ਆਗਿਆਕਾਰਿਤਾ ਦਾ ਰਸਤਾ ਬਣਾਉਣ ਲਈ ਪਰਮੇਸ਼ਵਰ ਨੇ ਆਦਮ ਨੂੰ ਆਗਿਆ ਨਾ ਮੰਨਣ ਦੀ ਮਨਜ਼ੂਰੀ ਦਿੱਤੀ, ਦੁੱਖ ਚੁੱਕਿਆ, ਨੇਮ ਦਾ ਕੰਮ ਤੋੜਿਆ ਗਿਆ। ਤਾਂ ਜੋ ਇਸਤੋਂ ਵਧੀਆ ਦਿਆ ਦੇ ਨੇਮ ਦਾ ਪ੍ਰਬੰਧ ਹੋ ਸਕੇ। [17]

# 9

# ਉਹ ਕਿਹੜੀ ਸਜਾ ਸੀ ਜਿਹੜੀ ਨੇਮ ਦੇ ਕੰਮ ਵਿੱਚ ਦਿੱਤੀ ਗਈ?

ਉਤਪੱਤ 2:17 ਦਸਦੀ ਹੈ ਕਿ ਕਿਉਂਕਿ "ਜਿਸ ਦਿਨ ਤੂੰ ਉਸਦਾ ਫਲ ਖਾਵੇਂਗਾ ਉਸ ਦਿਨ ਜਰੂਰ ਮਰ ਜਾਵੇਂਗਾ।" ਹੁਣ ਇਹ ਬਿਲਕੁਲ ਸਾਫ ਹੈ ਕਿ ਮੌਤ ਸਭਾਵਿਕ ਨਹੀਂ ਸੀ ਪਰੰਤੂ ਇਹ ਪਾਪ ਦੇ ਦੁਆਰਾ ਪਰਮੇਸਵਰ ਦੇ ਖ਼ੂਬਸੂਰਤ ਸੰਸਾਰ ਵਿਚ ਆਈ ਸੀ। ਮਨੁੱਖ ਵਾਸਤੇ ਮਰਨਾ ਜਰੂਰੀ ਨਹੀਂ ਸੀ ਕਿਉਂਕਿ ਫਿਰ ਕੋਈ ਸਜਾ ਨਹੀਂ ਮਿਲਦੀ।

ਉੱਤਪੱਤ 3:19 ਦਾ ਮਤਲਬ ਇਹ ਨਹੀਂ ਕਿ ਉਹ ਮਨੁੱਖ ਕਿਉਂਕਿ ਉਹ ਧਰਤੀ ਤੋਂ ਰਚਿਆ ਗਿਆ ਕਿਉਂਕਿ ਉਹ ਉਸ ਵਿੱਚ ਮਿਲ ਜਾਵੇਗਾ। ਪਰੰਤੂ ਸਜਾ ਵਿਰੋਧੀਆਂ ਵਾਸਤੇ ਜਿਹੜੇ ਪਰਮੇਸ਼ਵਰ ਦੀ ਆਗਿਆਵਾਂ ਨੂੰ ਨਹੀਂ ਮੰਨਦੇ ਉਹਨਾਂ ਵਾਸਤੇ ਜਰੂਰੀ ਸੀ । ਅਤੇ ਤਾਂ ਉਹ ਮਿੱਟੀ ਵਿੱਚ ਹੀ ਮਿਲ ਜਾਣਗੇ। ਜਿਹਨਾਂ ਵਿੱਚੋਂ ਉਹ ਲਏ ਗਏ ਸਨ ਕਿ, ਮੌਤ ਕੇਵਲ ਸ਼ਾਰੀਰਿਕ ਮੌਤ ਜਾਂ ਇਸਤੋਂ ਵੱਧ ਧਮਕੀ ਹੈ? ਇਹ ਸ਼ਾਰੀਰਿਕ ਮੌਤ ਤੋਂ ਕਈ ਵੱਧ ਹੈ। ਜਦਕਿ ਇਹ ਸ਼ਾਮਿਲ ਹੈ ਅਤੇ ਮੌਤ ਦੇ ਸ਼ਰੀਰ ਵਿੱਚ ਤੁਰੰਤ ਪ੍ਰਤੱਖ ਹੈ। ਅਸੀਂ ਜਾਣਦੇ ਹਾਂ ਕਿ ਇਹ ਵੱਧ ਹੈ। ਕਿਉਂਕਿ ਅਸੀਂ ਨਵੇਂ ਨੇਮ ਦੇ ਰੋਮਿਆਂ ਨੂੰ 6:23 ਵਿੱਚ ਪੜ੍ਹਦੇ ਹਾਂ, "ਕਿਉਂਕਿ ਪਾਪ ਦੀ ਮਜੂਰੀ ਤਾਂ ਮੌਤ ਹੈ। ਪਰ ਪਰਮੇਸ਼ਵਰ ਦੀ ਬਖਸ਼ੀਸ਼ ਮਸੀਹ ਯਿਸ਼ੂ ਸਾਡੇ ਪ੍ਰਭੁ ਦੇ ਵਿੱਚ ਸਦੀਪਕ ਜੀਵਨ ਹੈ।" ਇਸਦਾ ਮਤਲਬ ਹੈ ਕਿ ਮੌਤ ਪਰਿਣਾਮ ਵਿੱਚ ਸਦੀਪਕ ਹੈ। ਧਰਮਸ਼ਾਸਤਰ ਤਿੰਨ ਪ੍ਰਕਾਰ ਦੀਆਂ ਮੌਤਾਂ ਬਾਰੇ ਦੱਸਦਾ ਹੈ। ਪਹਿਲੀ ਮਨੁੱਖ ਦੀ ਮੌਤ ਉਹ ਹੈ ਜਿਸ

ਵਿੱਚ ਆਤਮਾ ਸ਼ਰੀਰ ਨਾਲੋਂ ਅਲਗ ਹੋ ਜਾਂਦੀ ਹੈ। ਦੂਜੀ ਪਰਮੇਸ਼ਵਰ ਦੇ ਨਾਲ ਸੰਗਤੀ ਦਾ ਵਖਰਾ ਹੋ ਜਾਣਾ ਸਾਡੇ ਪਾਪਾਂ ਦੇ ਕਾਰਣ। ਯਸ਼ਾਯਹ ਲਿਖਦਾ ਹੈ:

**ਯਸ਼ਾਯਹ ੫੯:੨** ਸਗੋਂ ਤੁਹਾਡੀਆਂ ਬਦੀਆਂ ਨੇ ਤੁਹਾਡੇ ਵਿੱਚ ਅਤੇ ਤੁਹਾਡੇ ਪਰਮੇਸ਼ਵਰ ਦੇ ਵਿੱਚ ਜੁਦਾਈ ਪਾ ਦਿੱਤੀ ਹੈ ਅਤੇ ਤੁਹਾਡੇ ਪਾਪਾਂ ਨੇ ਉਹ ਦਾ ਮੂੰਹ ਤੁਹਾਥੋਂ ਲੁਕਾ ਦਿੱਤਾ ਹੈ। ਭਈ ਨਾ ਸੁਣੇ।

ਅਤੇ ਜਿਵੇਂ ਪੋਲੂਸ ਅਫਸੀਆਂ ਨੂੰ 2:2 ਵਿੱਚ ਲਿਖਦੇ ਹਨ ਕਿ, "ਜਿਹਨਾਂ ਤੇ ਵਿੱਚ ਤੁਸੀਂ ਇਸ ਸੰਸਾਰ ਦੇ ਵਿਹਾਰ ਅਨੁਸਾਰ ਹਵਾਈ ਇਖਤਿਆਰ ਦੇ ਸਰਦਾਰ ਦੇ ਅਰਥਾਤ ਉਸ ਰੂਹ ਦੇ ਅਨੁਸਾਰ ਅੱਗੇ ਚੱਲਦੇ ਸਾਉ ਜਿਹੜੀ ਹੁਣ ਅਣ ਆਗਿਆਕਾਰੀ ਦੇ ਪੁੱਤਰਾਂ ਵਿੱਚ ਅਸਰ ਕਰਦੀ ਹੈ।"

ਇਹ ਵਾਸਤਵਿਕਤਾ ਉਦੋਂ ਸੰਕੇਤਿਕ ਹੋਈ ਜਦੋਂ ਮਨੁੱਖ ਨੂੰ ਅਦਨ ਦੇ ਬਾਗ ਵਿੱਚੋਂ ਬਾਹਿਰ ਕੱਢ ਦਿੱਤਾ ਗਿਆ। ਜਿੱਥੇ ਉਹ ਪਰਮੇਸ਼ਵਰ ਦੇ ਨਾਲ ਸੰਗਤੀ ਦਾ ਆਨੰਦ ਲੈ ਰਿਹਾ ਸੀ। ਤੀਸਰੀ ਪ੍ਰਕਾਰ ਦੀ ਮੌਤ, ਜਦੋਂ ਤੱਕ ਪਰਮੇਸ਼ਵਰ ਉਸਨੂੰ ਬਚਾਉਣ ਵਿੱਚ ਵਿਘਨ ਨਾ ਪਾਏ ਉਹ ਹਮੇਸ਼ਾ ਦੀ ਮੌਤ ਹੈ। ਜਿਹੜਾ ਸ਼ਰੀਰ ਅਤੇ ਆਤਮਾ ਦਾ ਪਰਮੇਸ਼ਵਰ ਦੇ ਨਾਲ ਪੂਰੀ ਤਰ੍ਹਾ ਹਮੇਸ਼ਾ ਲਈ ਵਖਰਾ ਹੋਣਾ, ਅਤੇ ਉਸਦੇ ਹਮੇਸ਼ਾ ਦੇ ਗੁੱਸੇ ਵਿੱਚ ਦੁੱਖ ਚੁੱਕਣਾ ਹੈ।

ਕੁੱਝ ਲੋਗ ਪੁੱਛ ਸਕਦੇ ਹਨ ਕਿ ਆਦਮ ਤੁਰੰਤ ਨਹੀਂ ਮਰਿਆ ਸੀ, ਕੀ ਉਹ ਮਰਿਆ ? ਉੱਤਰ ਇਹ ਹੈ ਜਿਹੜਾ ਇਬਰਾਨੀ ਭਾਸ਼ਾ ਦਾ ਮੁਹਾਵਰਾ ਹੈ, ਤੁਸੀਂ ਜਰੂਰ ਮਰ ਜਾਉਗੇ" ਅਸਲ ਵਿੱਚ, "ਮਰਨਾ ਹੈ" ਤੁਸੀਂ ਅਸਲ ਵਿੱਚ ਮਰ ਜਾਉਗੇ। ਦੂਜੇ ਸ਼ਬਦਾਂ ਦੇ ਵਿੱਚ ਇਹ ਨਿਸ਼ਚਤ ਹੈ ਕਿ ਇਸਦਾ ਮਤਲਬ ਇਹ ਨਹੀਂ ਕਿ ਉਹ ਉਸੀਂ ਘੜੀ ਮਰ ਜਾਵੇਗਾ। ਪਰੰਤੂ ਮੌਤ ਦਾ ਬੀਜ ਉਸਦੇ ਸ਼ਰੀਰ ਦੇ ਵਿੱਚ ਉਦੋਂ ਹੀ ਪ੍ਰਵੇਸ਼ ਕਰ ਗਿਆ ਸੀ। ਕਈ ਲੋਗ ਸੋਚਦੇ ਹਨ ਕਿ ਇਹ ਇੱਕ ਅਨੁਪਾਤਹੀਨ ਸਜਾ ਹੈ। ਜਿਹੜੀ ਇੱਕ ਸਾਧਾਰਨ ਜਿਹੀ ਦਖਲ ਵਾਸਤੇ ਦਿੱਤੀ ਜਿਵੇਂ

ਕਿ ਉਹਨਾਂ ਨੇ ਮਨ੍ਹਾ ਕਰਨ ਵਾਲੇ ਬਿਰਛ ਦਾ ਫੱਲ ਖਾਦਾ। ਪਾਪੀ ਕਿਰਿਆ ਹੋਇਆ ਮਨੁੱਖ ਜਿਹੜਾ ਹਰ ਵੇਲੇ ਪਾਪ ਕਰਨ ਦਾ ਆਦੀ ਹੈ। ਮੂੰਹ ਚੇਹਰਾ ਹਰ ਘੜੀ ਪਾਪ ਕਰਨ ਦਾ ਆਦੀ ਹੈ, ਨੇ ਪਾਪ ਦੇ ਡਰਾਵਨੇ ਪੰਨ ਨੂੰ ਨਹੀਂ ਦੇਖਿਆ ਹੈ। ਪਰਮੇਸ਼ਵਰ ਪੂਰੀ ਤਰ੍ਹਾਂ ਨਾਲ ਪਵਿੱਤਰ ਹੈ ਕਿ ਉਹ ਪਾਪ ਨੂੰ ਨਹੀਂ ਦੇਖ ਸਕਦਾ ਹੈ। ਆਦਮ ਦੇ ਪਾਪ ਵਿਸ਼ਵਾਘਾਤੀ ਸੀ। ਇਹ ਪਰਮੇਸ਼ਵਰ ਨੂੰ ਉਸਦੇ ਸ਼ਿਘਾਸਨ ਤੋਂ ਡਿਗਾਉਣ ਦੀ ਕੋਸ਼ਿਸ਼ ਸੀ। ਇਸ ਕਰਕੇ ਪਹਿਲੇ ਕਿਹਾ ਗਿਆ ਹੈ ਕਿ ਮਨੁੱਖ ਦੀ ਆਗਿਅਕਾਰਿਤਾ ਅਨੰਤ ਮਹੱਤਵ ਅਤੇ ਪਰਮੇਸ਼ਵਰ ਵਿੱਚ ਖੁਸ ਹੋਣਾ ਹੈ। ਪਾਪ ਇੰਨਾ ਖਤਰਨਾਕ ਹੈ ਕਿ ਪਰਮੇਸ਼ਵਰ ਦਾ ਗੁੱਸਾ ਇਸਤੇ ਵਿਰੁੱਧ ਭੜਕ ਉਠਦਾ ਹੈ। ਅਸੀਂ ਪਰਮੇਸ਼ਵਰ ਦਾ ਵੈਰ ਪਾਪ ਲਈ ਦੇਖਦੇ ਹਾਂ ਕਿ ਜਦ ਉਸਦਾ ਆਪਣਾ ਪੁੱਤਰ ਸਾਡੇ ਲਈ ਪਾਪ ਬਣਿਆ ਤੇ ਉਸਨੇ ਉਸਨੂੰ ਛੱਡਿਆ ਨਹੀਂ ਪਰੰਤੂ ਉਸਨੂੰ ਸਲੀਬ ਦੀ ਡਰਾਵਨੀ ਮੌਤ ਦੀ ਸਜਾ ਦਿੱਤੀ। ਇਹ ਯਿਸ਼ੂ ਦੀ ਸਲੀਬ ਹੈ। ਜਿਹੜਾ ਦੱਸਦਾ ਹੈ ਕਿ ਪਰਮੇਸ਼ਵਰ ਦੀ ਨਜਰ ਵਿੱਚ ਪਾਪ ਕਿੰਨਾ ਖਤਰਨਾਕ ਹੈ। ਜਿਹੜੇ ਮਸੀਹ ਦੇ ਰਾਹੀਂ ਬਚਾਏ ਨਹੀਂ ਗਏ ਉਹ ਹਮੇਸ਼ਾ ਲਈ ਪਾਪ ਦੀ ਸਜਾ ਦਾ ਅਨੁਭਵ ਕਰਨਗੇ।

# 10

## ਆਗਿਆਕਾਰੀ ਦੇ ਲਈ ਕੀ ਇਨਾਮ ਸੀ?

ਆਗਿਆ ਮੰਨਣ ਦਾ ਇਨਾਮ ਸਦੀਪਕ ਜੀਵਨ ਸੀ। ਜੋ ਜੀਵਨ ਦੇ ਬਿਰਛ ਦਾ ਪ੍ਰਤੀਤ ਹੈ ਅਤੇ ਅਦਨ ਦੇ ਬਾਗ ਦੇ ਵਿੱਚਕਾਰ ਸੀ। ਜੀਵਨ ਦਾ ਬਿਰਛ ਇਸ ਨੇਮ ਦੇ ਵਾਚਾ ਦੀ ਸੰਸਕਾਰੀ ਮੋਹਰ ਸੀ। ਪਿੰਕ ਲਿਖਦੇ ਹਨ ਕਿ "ਇੱਕ ਮੋਹਰ ਦੈਵੀ ਪ੍ਰਥਾ ਹੈ। ਜਿਹੜੀ ਵਾਚਾ ਵਿੱਚ *ਬਰਕਤਾਂ ਦੀ ਖਾਸੀਅਤ* ਯੋਜਨਾ ਹੈ। ਉਹਨਾਂ ਦੀ ਗਵਾਹੀ ਦੇਣਾ ਹੈ। ਜਿਸਤੋਂ ਇਸ ਗੱਲ ਨੂੰ ਪੂਰਾ ਕਰਨਾ ਹੈ। ਇਸ ਕਰਕੇ ਇਸਦਾ ਨਾਮ ਤਾਂ ਬਿਰਛ ਜੋ ਇੱਕ ਆਤਮਿਕ ਯੋਜਨਾ ਹੈ। ਇਹ *ਜੀਵਨ* ਦਾ ਬਿਰਛ ਸੀ। [18]
ਇਸ ਪੂਰੇ ਤਜੂਰਬੇ ਤੋਂ ਇਹ ਸਾਬਿਤ ਹੁੰਦਾ ਹੈ ਕਿ ਪਹਿਲੇ ਮਨੁੱਖ ਨੇ ਉੱਚੇ ਜੀਵਨ ਵਿੱਚ ਜੋ ਮਨੁੱਖ ਜਾਤੀ ਵਿੱਚ ਸ਼ਾਮਿਲ ਹੈ, ਹੁਣ ਤੱਕ ਨਹੀਂ ਮਿਲਿਆ। ਆਦਮ ਸੰਪੂਰਨਤਾ ਦੀ ਹਾਲਤ ਵਿੱਚ ਸੀ। ਜਿਵੇਂ ਕਿ ਉਹ ਰਚਿਆ ਗਿਆ ਤਾਂ ਵੀ ਉਹ ਹੁਣ ਤੱਕ ਮਹਿਮਾ ਦੀ ਹਾਲਤ ਵਿੱਚ ਨਹੀਂ ਸੀ। ਉਹਨਾਂ ਹਾਲਾਤਾਂ ਵਿੱਚ ਉਹ ਪਹੁੰਚ ਜਾਂਦਾ ਜੇਕਰ ਉਹ ਕਾਇਮ ਰਹਿੰਦਾ। ਪਰ ਪਰਮੇਸ਼ਵਰ ਦੀ ਆਗਿਆ ਨੂੰ ਮੰਨਦਾ। ਜਿਹੜੀ ਪਰਮੇਸ਼ਰ ਤੋਂ ਪ੍ਰਤੀਗਿਆ ਕੀਤੀ ਗਈ ਸੀ ਸਿਰਫ ਸੰਸਾਰਿਕ ਹੀਂ ਨਹੀਂ ਸੀ ਪਰ ਉਸਦੇ ਵਿੱਚ ਸਵਰਗੀ ਜੀਵਨ ਸ਼ਾਮਿਲ ਸੀ, ਜਿਸਦੇ ਬਾਰੇ ਉਹ ਕੁੱਝ ਨਹੀਂ ਜਾਣਦਾ ਸੀ। ਅਸੀਂ ਇਸ ਸੰਦੀਪਕ ਜੀਵਨ ਜਿਸ ਵਿੱਚ ਮਸੀਹ ਆਖਰੀ ਆਦਮ ਉਹਨਾਂ ਲਈ ਆਉਂਦਾ ਹੈ ਜਿਹਨਾਂ ਨੂੰ ਉਹ ਛੁੱਟਕਾਰੀ ਦੀ ਵਾਚਾ ਵਿੱਚ ਅਗੁਵਾਈ ਕਰਦਾ ਹੈ। ਰੋਮੀਆਂ 5:12-19
ਹਰਮਨ ਬੈਵਿਕ ਲਿਖਦੇ ਹਨ ਕਿਆਮਤ ਤੋਂ ਬਾਅਦ ਦੋਨੋਂ ਪੇਟ ਅਤੇ

ਖਾਣਾ ਨਾਸ਼ ਹੋ ਜਾਵੇਗਾ। 1 ਕੁਰਿੰਥੀਆ 6:13 ਪਰ ਦੋਨੋਂ ਆਦਮ ਦੇ ਲਈ ਅਸਲੀਅਤ ਸਵਰਗ ਵਿੱਚ ਪਰਮੇਸ਼ਵਰ ਦੇ ਬੱਚੇ ਵਿਆਹ ਨਹੀਂ ਕਰਨਗੇ ਪਰ ਸਵਰਗਦੂਤਾਂ ਵਰਗੇ ਹੋਣਗੇ। ਮੱਤੀ 22:30 ਫਿਰ ਵੀ ਆਦਮ ਨੂੰ ਉਸਦੀ ਪਤਨੀ ਦੀ ਜਰੂਰਤ ਪਈ।”[19]

ਅਸੀਂ ਸਿਖਦੇ ਹਾਂ ਕਿ, ਆਖਰੀ ਆਦਮ ਯਿਸ਼ੂ ਮਸੀਹ ਦੀ ਕਾਮਯਾਬੀ ਵਿੱਚ ਸੰਦੀਪਕ ਜੀਵਨ ਕੀ ਹੈ। ਉਸਦੀ ਕਾਮਯਾਬੀ ਪੂਰੀ ਤਰ੍ਹਾਂ ਨਾਲ ਉਸਤੋਂ ਘੱਟ ਨਹੀਂ ਕੀਤੀ ਜਾ ਸਕਦੀ ਕਿ ਉਹ ਮਨੁੱਖ ਨੂੰ ਸਵਰਗ ਦੇ ਲਈ ਫਿਰ ਸਥਾਪਿਤ ਕਰੇ। ਪਹਿਲਾ, ਸਵਰਗ ਵਿੱਚ ਮਨੁੱਖ ਅਸਫਲ ਹੋ ਸਕਦਾ ਹੈ, ਪਰ ਜੋ ਮਸੀਹ ਵਿੱਚ ਹੈ ਉਹ ਆਪਣੇ ਹਾਲਾਤਾਂ ਤੋਂ ਕਦੇ ਵੀ ਅਸਫਲ ਨਹੀਂ ਹੋ ਸਕਦੇ। ਦੂਜਾ, ਸਵਰਗ ਵਿੱਚ ਮਨੁੱਖ ਮਰ ਸਕਦਾ ਹੈ ਪਰ ਮਸੀਹ ਵਿੱਚ ਮੌਤ ਤੋਂ ਸਫਲ ਹੋ ਕੇ ਜੀਵਨ ਵਿੱਚ ਆਏ ਹਾਂ। ਹਾਲਾਂਕੀ ਮੌਤ ਵਿਸ਼ਵਾਸੀ ਦੇ ਸ਼ਰੀਰ ਵਿੱਚ ਆਉਂਦੀ ਹੈ ਅਤੇ ਆਖਿਰੀ ਅਸਰ ਨੂੰ ਖਤਮ ਕਰਨ ਦੇ ਲਈ ਅਤੇ ਉਸਦੀ ਵਡਿਆਈ ਕਰਨ ਨੂੰ ਆਉਂਦੀ ਹੈ। ਵਿਸ਼ਾਵਾਸੀਆਂ ਦੇ ਲਈ ਮੌਤ ਦਾ ਢੰਗ ਨਹੀਂ ਹੈ। ਤੀਸਰਾ ਸਵਰਗ ਵਿੱਚ ਮਨੁੱਖ ਹੁਣ ਤੱਕ ਉੱਚੇ ਜੀਵਨ ਬਾਰੇ ਨਹੀਂ ਜਾਣਦਾ ਸੀ। ਮਸੀਹ ਦੇ ਵਿੱਚ ਉਹ ਪਹਿਲਾਂ ਤੋਂ ਹੀ ਸਿਧਾਂਤ ਵਿੱਚ ਉਸਦੇ ਨਾਲ ਸਵਗਰ ਵਿੱਚ ਬੈਠਾ ਹੈ। ਆਫਸੀਆਂ 2:6 ਅੱਗੇ ਇੱਕ ਦਿਨ ਉਹ ਕਿਆਮਤ ਦਾ ਆਨੰਦ ਮਨਾਵੇਗਾ। ਜੋ ਆਉਣ ਨੂੰ ਹੈ। ਚੋਥਾ, ਧਰਤੀ ਦੇ ਸਵਰਗ ਤੇ ਸ਼ੈਤਾਨ ਆ ਸਕਦਾ ਹੈ ਅਤੇ ਮਨੁੱਖ ਨੂੰ ਭਰਮਾ ਸਕਦਾ ਹੈ, ਪਰ ਸਵਰਗ ਵਿੱਚ ਮਸੀਹ ਜਿਹਨਾ ਨੂੰ ਲੈ ਕੇ ਆਉਦਾ ਹੈ। ਉਸ ਦੇ ਲੋਕ  ਉਸ ਨੂੰ ਗਲਤ ਰੂਪ ਵਿੱਚ ਦਾਖਲ ਹੋਣ ਤੋ ਰੋਕ ਸਕਦੇ ਹਨ। ਪੰਜਵਾ: ਸਵਰਗ ਵਿੱਚ ਮਨੁੱਖ ਦੀ ਹਾਲਤ ਅਦਭੁਤ ਅਤੇ ਬਦਲਣ ਵਾਲੀ ਸੀ, ਮਨੁੱਖ ਦਾ ਸਵਰਗ ਵਿੱਚ ਬਦਲੀ ਹੋਣ ਦਾ ਕੋਈ ਸਵਾਲ ਹੀ ਨਹੀ ਹੋਵੇਗਾ। ਜਿਸ ਤੋ ਮਸੀਹ ਮਨੁੱਖ ਨੂੰ ਲੈ ਆਉਦਾ ਹੈ। ਸਦੀਪਕ ਜੀਵਨ ਜਿਸ ਵਿੱਚ ਆਦਮ ਦਾ ਦਾਖਲ ਹੋਣਾ ਹੈ ਅਜਮਾਇਸ਼ ਨੂੰ ਪੂਰਾ ਕਰਨ ਦਾ ਮਤਲੱਬ ਇਸ ਦੀ ਪਵਿਤਰ ਹਾਲਤ ਵਿੱਚ ਪੱਕਾ ਹੋਣਾ ਹੈ ਅਤੇ ਕਦੀ ਵੀ ਇਮਤਿਹਾਨ ਦਾ ਵਿੱਸ਼ਾ ਅਤੇ ਨਾ ਮੋਤ ਦਾ ਡਰ ਹੋਵੇਗਾ। ਉਸ ਨੇ ਕਿਵੇ ਸਵਰਗੀ ਜੀਵਨ ਦੀ ਵਿਆਖਿਆ ਕੀਤੀ ਹੋਵੇਗੀ। ਅਸੀ ਨਹੀ ਜਾਣਦੇ ਪਰ ਅਸੀ ਇਹ ਜਾਣਦੇ ਹਾਂ ਕਿ ਉਹ ਉਸਦੇ ਵਿੱਚ ਦਾਖਲ ਹੋਇਆ ਕਿਉਕਿ ਮਸੀਹ ਹੀ ਆਖਰੀ ਆਦਮ ਨੇ ਇਸ ਨੇਮ ਦੀ ਵਾਚਾਂ ਨੂੰ ਆਪਣੇ ਲੋਕਾ ਵਿੱਚ ਪੂਰਾ ਕਰਨ ਵਾਸਤੇ ਸੁਰਖਿਅਤ ਰਖਿਆ ਹੈ।

ਜੀਵਨ ਦਾ ਦਰਖਤ ਤ੍ਰਿਏਕਤਾ ਦੇ ਦੂਸਰੇ ਮਨੁੱਖ ਦਾ ਪ੍ਰਤੀਕ ਹੈ। ਕਿਉਕਿ ਇਹ ਉਸ ਤੋ ਹੀ ਜੋ ਸਦੀਪਕ ਜੀਵਨ ਪਾਪੀ ਮਨੁੱਖ ਨੂੰ ਮਿਲਿਆ । ਆਦਮ ਪਾਪ ਤੋ ਪਹਿਲਾ ਹੀ ਮਸੀਹ ਨੂੰ ਦਰਸਾਦਾਂ ਹੈ। ਕਿਉਕਿ ਉਹ ਮਸੀਹ ਵਾਂਗ ਕਹਾਇਆ, ਮਸੀਹ ਅਤੇ ਜੀਵਨ ਦੇ ਦਰਖਤ ਦਾ ਸਬੰਧ ਪ੍ਰਕਾਸ਼ ਦੀ ਪੋਥੀ " 2 ਅਤੇ 22 ਤੋ ਮਿਲਦਾ ਹੈ"

ਪ੍ਰਕਾਸ਼ ਦੀ ਪੋਥੀ 2:7 ਜਿਹਦੇ ਕੰਨ ਹਨ ਸੋ ਸੁਣੇ ਭਈ ਆਤਮਾ ਕਲੀਸਿਅਸਾ ਨੂੰ ਕਿ ਆਖਦਾ ਹੈ। ਜਿਹੜਾ ਜਿੱਤਣ ਵਾਲਾ ਹੈ ਉਸ ਨੂੰ ਮੈ ਜੀਵਨ ਦੇ ਦਰਖਤ ਵਿੱਚੋ ਜੋ ਪਰਮੇਸਰ ਦੇ ਫਿਰਦੋਸ਼ ਵਿੱਚ ਹੈ ਖਾਣ ਲਈ ਦਿਆਗਾਂ।

ਪ੍ਰਕਾਸ਼ ਦੀ ਪੋਥੀ 22:14 "ਧੰਨ ਉਹ ਜਿਹੜੇ ਆਪਣੇ ਬਸਤ੍ਰ ਧੋ ਲੈਦੇਂ ਹਨ ਭਈ ਉਹਨਾ ਨੂੰ ਜੀਵਨ ਦੇ ਦਰਖਤ ਦੇ ਉੱਤੇ ਹੱਕ ਹੋਵੇ ਅਤੇ ਉਹ ਦਰਵਾਜਿਆ ਰਾਹੀ ਉਸ ਨਗਰੀ ਦੇ ਅੰਦਰ ਜਾਣ"

ਬਾਗ ਵਿੱਚ ਜੀਵਨ ਦਾ ਦਰਖਤ ਅਸਲੀਅਤ ਵਿੱਚ ਸੀ। ਉਸ ਵਿੱਚ ਜੀਵਨ ਦੇਣ ਦੀ ਕੋਈ ਖਾਸ ਖੂਬੀ ਨਹੀ ਸੀ। ਜਿਵੈਂ ਕੁਝ ਸੋਚਦੇ ਹਨ। ਪਰਮੇਸਵਰ ਨੇ ਇਸ ਦਰਖਤ ਤੋ ਖਾਨ ਲਈ ਮਨਾ ਨਹੀ ਕੀਤਾ ਸੀ। ਪਰ ਪਰਮੇਸਵਰ ਦੇ ਪ੍ਰਬੰਧ ਵਿੱਚ ਮਨੁੱਖ ਜਦ ਤੱਕ ਉਸ ਇਮਤਿਹਾਨ ਨੂੰ ਪੂਰਾ ਨਾ ਕਰੇ ਹਿੱਸਾ ਨਹੀ ਲੈ ਸਕਦਾ ਸੀ । ਆਦਮ ਨਿਕਾਮ ਰਿਹਾ ਅਤੇ ਬਾਗ ਵਿੱਚੋ ਬਾਹਰ ਕੱਡ ਦਿਤਾ ਗਿਆ ਅਤੇ ਉਸਦਾ ਇਸ ਸੰਸਕਾਰੀਂ ਦਰਖਤ ਵਿੱਚੋ ਹਿੱਸਾ ਲੈਣਾ ਮਨਾ ਹੋ ਗਿਆ। ਪਰ ਸਿਰਫ ਯੀਸੂ ਮਸੀਹ ਤੋ ਹੀ ਮਨੁੱਖ ਜੀਵਨ ਦੇ ਦਰਖਤ ਵਿੱਚੋ ਹਿੱਸਾ ਲੈ ਸਕਦਾ ਸੀ। ਕਿੰਨਾ ਮਹਿਮਾ ਪੂਰਨ ਮੋਕਾ ਆਦਮੀ ਨੇ ਗੁਆ ਦਿੱਤਾ, ਜੱਦ ਉਸਨੇ ਸਾਰੀ ਮਨੁੱਖਤਾ ਨੂੰ ਤਰਸਯੋਗ ਅਤੇ ਪਾਪਾਂ ਨਾਲ ਮੋਤ ਵਿੱਚ ਸੁੱਟ ਦਿੱਤਾ।

# 11

## ਕਿ ਨੇਮ ਦੇ ਕੰਮ ਹੁਣ ਵੀ ਜਾਰੀ ਹਨ ?

ਪਰਮੇਸਵਰ ਨੇ ਮਨੁੱਖ ਦੇ ਨਾਲ ਹਮੇਸ਼ਾ ਹੀ ਵਾਚਾ ਕੀਤੀ ਸੰਸਾਰਿਕ ਰੂਪ ਵਿੱਚ ਵਿਹਾਰ ਕਿਤਾ, ਮਨੁੱਖ ਜਾਂ ਤਾਂ ਵਾਚਾ ਨੂੰ ਮੰਨਣ ਜਾ ਵਾਚਾ ਨੂੰ ਤੋੜਨ ਵਾਲਾ ਹੈ। ਧਰਮ ਗ੍ਰੰਥ ਬਾਇਬਲ ਧਰਮ ਦੀ ਵਾਚਾ ਹੈ। ਨੇਮ ਦੀ ਵਾਚਾ ਹੁਣ ਇਕ ਅਜਮਾਉਣ ਕਰਕੇ ਮਨੁੱਖਤਾ ਲਈ ਰੁਕਾਵਟ ਨਹੀ ਹੈ। ਇਸਦਾ ਮਤਲਬ ਹੈ ਕਿ ਮਨੁੱਖ ਕਦੀ ਵੀ ਨੇਮ ਦੀ ਵਾਚਾ ਤੋ ਆਪਣੇ ਲਈ ਸਦੀਪਕ ਜੀਵਨ ਨਹੀ ਪਾ ਸਕਦਾ ਹੈ। ਆਦਮ ਹੀ ਸਿਰਫ ਪਾ ਸਕਦਾ ਸੀ। ਇਹ ਸੱਚ ਨਹੀ ਹੈ ਕਿ ਸਾਰੇ ਮਨੁੱਖ ਆਦਮ ਵਰਗੇ ਹਨ। ਅਸੀ ਸੰਸਾਰ ਵਿੱਚ ਪਾਪੀ ਵਾਂਗ ਆਉਦੇ ਹਾਂ। ਆਦਮ ਪਾਪ ਰਹਿਤ ਸੀ। ਅਸੀ ਆਦਮ ਵਾਂਗ ਭਰਮਾਏ ਨਹੀ ਗਏ ਉਸਦੇ ਪੂਰੇ ਹਾਲਤਾ ਵਿੱਚ ਸ਼ੈਤਾਨ ਸਾਨੂੰ ਅਜਮਾਣਾ ਚਾਹੁੰਦਾ ਹੈ। ਕਿਉਕਿ ਅਸੀ ਪਾਪੀ ਪੈਦਾ ਹੋਏ ਹਾਂ। ਇਸ ਲਈ ਅਸਲ ਵਿੱਚ ਜਿਸ ਵਿੱਚ ਆਦਮ ਹਮੇਸ਼ਾ ਦੀ ਜਿੰਦਗੀ ਪਾ ਸਕਦਾ ਸੀ ਸਭ ਖਤਮ ਹੋ ਗਿਆ।

ਇਹਨਾ ਚਾਰਾ ਰੱਸਤਿਆ ਰਾਹੀ ਰੋਬਟ ਰੇਮੰਡ ਇਸ ਤਰਾ ਵਿਸਤਾਰ ਨਾਲ ਲਿਖਦੇ ਹਨ ਜਿਸ ਵਿੱਚ ਨੇਮ ਦੀ ਵਾਚਾ ਅਜੇ ਤੱਕ ਰੁਕਾਵਟ ਵਿੱਚ ਹਨ। ਅਜੇ ਤੱਕ ਅਜਮਾਇਸ਼ ਦੇ ਰੂਪ ਵਿੱਚ ਨਹੀ।

1। ਇਹ ਹੁਣ ਸਾਰਿਆ ਮਨੁੱਖਾ ਦੇ ਉਪਰ ਹੈ ਕਿ ਅਸੀ ਪਰਮੇਸਵਰ ਨੂੰ ਨੈਤਿਕ ਅਵਸਥਾ ਤੋ ਪੂਰੀ ਆਗਿਆ ਕਾਰਿਆ ਦੇਵੇ। ਇਹ ਦੋਨੋ ਅਵਸਥਾ ਪਰਮੇਸਵਰ ਨੂੰ ਖੁਸ਼

ਰੱਖਣ ਲਈ ਜਰੂਰੀ ਹੈ। ਅਤੇ ਉਚਿਤ ਹੈ। ਇਹ ਮਨੁੱਖ ਦੀ ਉਸਦੇ ਸ੍ਰਿਸਟੀ ਕਰਤਾ ਦੇ ਲਈ ਉਚਿੱਤ ਸੇਵਾ ਹੈ।

2। ਟੁਟੀ ਹੋਈ ਨੇਮ ਦੀ ਵਾਚਾ ਦੀ ਸਜਾ ਅਤੇ ਦੰਡ ਜੋ ਕਿ ਉਤਪਤ 3 ਵਿੱਚ ਦਿੱਤਾ ਗਿਆ ਹੈ ਹੁਣ ਵੀ ਰੁਕਾਵਟ ਹੈ। ਮਨੁੱਖ ਦੋਸ਼ੀ ਹੈ ਅਤੇ ਅਸਲੀ ਵਾਚਾ ਵਿੱਚ ਮੋਤ ਦਾ ਵਿੱਸ਼ਾ ਹੈ। ਰੋਮੀਆ 5:12-14,18-19.

3। ਸਿਧਾਤਂ " ਕਰੋ ਅਤੇ ਜਿਉ" ਨਵੇ ਨੇਮ ਵਿੱਚ ਦੱਸਿਆ ਗਿਆ ਹੈ ਕਿ ਉਹਨਾ ਲਈ ਜੋ ਜੈਤੂ ਹਨ, ਉਹਨਾ ਨੂੰ ਪਰਮੇਸਵਰ ਨੇ ਜੀਵਨ ਦੇ ਦਰਖਤ ਤੋ ਖਾਣ ਦਾ ਹੱਕ ਦਿੱਤਾ, ਜਿਹੜਾ ਪਰਮੇਸਵਰ ਦੇ ਸਵਰਗ ਵਿੱਚ ਹੈ। ਹੁੱਣ ਤੱਕ ਚਾਲੂ ਹੈ। ਪਰਕਾਸ਼ ਦੀ ਪੋਥੀ 2:7 ਅਤੇ ਵੇਖੋ ਪਰਕਾਸ਼ ਦੀ ਪੋਥੀ 18:5, ਰੋਮੀਆ 10:5, ਗਲਾਤੀਆ 3:12 ਮਨੁੱਖ ਦੀ ਧਾਰਮਿਕਤਾ ਇਕ ਬਾਹਰੀ ਸਿਧਾਂਤ ਦਾ ਦੈਵੀ ਨਿਆਂ ਹੈ। ਹਾਲਾਕਿ ਪਾਪ ਮਸੀਹ ਦੇ ਨਾਲ ਨਹੀ ਹੈ। ਉਸਦੇ ਅਤੇ ਉਸਦੇ ਵਾਸਵਤਿਕ ਹਲਾਤ ਵਿੱਚ ਜੋ ਇਸ ਹਲਾਤ ਨਾਲ ਪੂਰਾ ਹੋ ਸਕੇ।

4। ਸਹੀ ਰੂਪ ਵਿੱਚ ਇਹੋ ਜਿਹਾ ਮੋਕਾ ਅਪਾਣੀ ਪੂਰੀ ਲਗਾਤਾਰ ਆਗਿਆਕਾਰਿਤਾ ਜੋ ਪਰਮੇਸਵਰ ਨੇ ਆਦਮ ਤੇ ਪਾਈ ਇਕ ਮਿਲਿਆ ਜੁਲਿਆ ਆਗੂ ਦੇ ਰੂਪ ਵਿੱਚ ਨੇਮ ਦੀ ਵਾਚਾ ਤੋ ਮਨੁੱਖ ਜਾਤੀ ਦੇ ਲਈ ਪਰਮੇਸਵਰ ਨੇ ਮਸੀਹ ਤੇ ਪਾਈ " ਦੂਸਰਾ ਮਨੁੱਖ" ਅਤੇ " ਆਖਰੀ ਆਦਮ" ਵੇਖੋ 1 ਕੁਰਿੰਥੀਆਂ 15:45,47 ਜੋ ਆਪਣੀ ਅਗਿਆਕਾਰਤਾ ਦੇ ਕਾਰਨ ਚੁਣੇ ਹੋਏ ਦੇ ਲਈ ਜਿਹਨਾ ਦੀ ਉਹ ਅਗਵਾਈ ਕਰਦਾ ਹੈ, ਮੁੱਕਤੀ ਨੂੰ ਪੂਰਾ ਕਿੱਤਾ। ਰੋਕਿਆ 5:18-19। [20]

ਨੇਮ ਦੀ ਵਾਚਾ ਨੇ ਛੁਟਕਾਰੇ ਦੇ ਲਈ ਕੋਈ ਪ੍ਰਬੰਧ ਨਹੀ ਕਿੱਤਾ। ਇਸ ਦੇ ਲਈ ਪਛਤਾਉਣ ਦੀ ਕੋਈ ਲੋੜ ਨਹੀ ਹੈ। ਲੇਕਿਨ ਪਰਮੇਸਵਰ ਦੀ ਕ੍ਰਿਪਾ ਦੇ ਵਸੀਲੇ ਆਪਣੇ ਪੁੱਤਰ ਆਖਰੀ ਆਦਮ ਨੂੰ ਨੇਮ ਦੀ ਵਾਚਾ ਨੂੰ ਪੂਰਾ ਕਰਨ ਦੇ ਲਈ ਦਿੱਤਾ

ਅਤੇ ਜਿਹਨਾ ਦੀ ਯੀਸੂ ਅਗਵਾਈ ਕਰਦਾ ਹੈ। ਆਗਿਆਕਾਰਿਤਾ ਦੇ ਕਾਰਣ ਮੰਨ ਲਏ ਗਏ ਹਨ। ਇਹ ਅਸਲ ਕ੍ਰਿਪਾ ਹੈ। ਉਹਨਾ ਦੇ ਲਈ ਜਿਹੜੇ ਮਸੀਹ ਤੋ ਬਚਾਏ ਗਏ ਹਨ। ਲੇਕਿਨ ਉਹਨਾ ਦੀ ਆਪਣੀ ਪੂਰੀ ਅਨੰਤ ਆਗਿਆਕਾਰਿਤਾ ਵਿੱਚ ਅਜਮਾਇਸ ਜੋ ਉਸ ਤੋ ਉਸ ਤੋ ਮੁਕਤੀ ਦਾ ਮੁੱਲ ਹੈ ਅਤੇ ਜਿਹਨਾ ਨੇ ਪਰਮੇਸਵਰ ਨੂੰ ਨਹੀ ਮੰਨਿਆ ਹੈ ਹੁਣ ਤੱਕ ਨੇਮ ਦੀ ਵਾਚਾ ਦੇ ਅਧੀਨ ਹਨ ਅੰਤ ਦੇ ਦਿਨਾ ਵਿੱਚ ਉਸ ਤੋ ਉਹਨਾ ਦਾ ਨਿਆਂ ਕਿੱਤਾ ਜਾਵੇਗਾ।

# 12

# ਮਸੀਹ ਦਾ ਕਿਸ ਤਰਾ ਨੇਮ ਦੇ ਕੰਮ ਨਾਲ ਸਬੰਧ ਹੈ?

ਸਭ ਤੋ ਪਹਿਲਾ ਪੋਲੁਸ ਨੇ ਆਦਮ ਨੂੰ ਰੋਮੀਆ 5:14 ਦੀ ਤਰਾ ਕਿਹਾ ਹੈ।

**ਰੋਮੀਆ 5:14** ਤਾ ਵੀ ਆਦਮ ਤੋ ਲੈ ਕੇ ਮੂਸਾ ਤਾਈ ਮੋਤ ਨੇ ਉਹਨਾ ਉਤੇ ਵੀ ਰਾਜ ਕੀਤਾ ਜਿਹਨਾ ਆਦਮ ਦੇ  ਪਰਾਧ ਵਰਗਾ ਪਾਪ ਨਹੀ ਸੀ ਕੀਤਾ। ਇਹ ਆਦਮ ਆਉਣ ਵਾਲੇ ਦਾ ਨਮੂਨਾ ਸੀ।

ਇਸਦਾ ਮਤਲਬ ਇਹ ਹੈ ਕਿ ਯੀਸੂ ਆਦਮ ਦੀ ਰਚਨਾ ਦਾ ਪਾਤਰ ਹੈ। ਜੇਕਰ ਇਹ ਸੱਚ ਹੈ ਕਿ ਵਿਸਵਾਸੀ ਯੀਸੂ ਮਸੀਹ ਦੀ ਸਮਾਨਤਾ ਲਈ ਪੱਕਾ ਹੈ, ਤਾ ਇਹ  ਆਦਮ ਦੀ ਕਿਸਮਤ ਵਿੱਚ ਵੀ ਸੱਚ ਹੋਵੇਗਾ ਪਰ ਉਹ ਇਹ ਕਰਨ ਵਿੱਚ ਨਾਕਾਮ ਰਿਹਾ। ਇਹ ਤਾ ਹੈ ਕਿ ਉਹ ਪਹਿਲਾ ਆਇਆ ਸੀ, ਜੋ ਆਦਮ ਹੈ, ਉਹ ਧਰਤੀ ਦਾ ਹੈ। ਆਤਮਿਕ ਪਿੱਛੋ ਆਇਆ ਜੇ ਕਰ ਆਦਮ ਨੇ ਆਗਿਆ ਮੰਨੀ ਹੁੰਦੀ। ਯਸ਼ੂ ਮਸੀਹ ਉਹ ਹੈ ਜਿਸਨੇ ਉਸਨੂੰ ਪੂਰਾ ਕੀਤਾ ਜਿਸਨੂੰ ਕਰਨ ਵਿੱਚ ਆਦਮ ਅਸਫਲ ਰਿਹਾ। ਪਰਮੇਸਵਰ ਦੇ ਸਰੂਪ ਅਤੇ ਪੂਰੇ ਤੋਰ ਤੇ ਆਦਮ ਵਿੱਚ ਉਸਦੇ ਪਾਪ ਦੇ ਕਰਨ ਮਹਿਸੂਸ ਨਹੀ ਹੋਇਆ, ਪਰ ਉਹ ਉਹਨਾ ਸਾਰਿਆ ਵਿੱਚ ਮਹਿਸੂਸ ਹੋਵੇਗਾ ਜੋ ਮਸੀਹ ਵਿੱਚ ਹਨ, ਪੋਲੁਸ ਲਿੱਖਦਾ ਹੈ ।

**ਫਿਲਿਪੀਆ 3:21** ਜਿਹੜਾ ਆਪਣੀ ਸ਼ਕਤੀ ਦੇ ਅਨੁਸਾਰ ਜਿਸ ਦੇ ਨਾਲ ਉਹ ਸਭਨਾ ਵਸਤਾ ਨੂੰ ਆਪਣੇ ਵੱਸ ਵਿੱਚ ਕਰ ਸਕਦਾ ਹੈ ਸਾਡੀ ਦੀਨਤਾ ਦੇ ਸਰੀਰ ਨੂੰ ਵੱਟਾ ਕੇ ਆਪਣੇ ਤੇਜ ਦੇ ਸਰੀਰ ਦੀ ਨਿਆਈ ਬਣਾਵੇਗਾਂ।

ਦੂਸਰਾ ਯੀਸੂ ਹੀ ਹੈ ਜੋ ਨੇਮ ਦੀ ਵਾਚਾ ਵਿੱਚ ਉਹਨਾ ਸਾਰਿਆ ਦੇ ਲਈ ਜਿਹਨਾ ਨੂੰ ਪਰਮੇਸਵਰ ਨੇ ਉਹਨਾ ਨੂੰ ਦਿੱਤਾ, ਨਿਯੁਕਤ  ਕੀਤਾ ਹੈ। ਆਪਣੀ ਪੂਰੀ ਆਗਿਆਕਾਰਿਤਾ ਅਤੇ ਮੋਤ ਦੇ ਵਸੀਲੇ ਆਪਣੇ  ਲੋਕਾ ਦੇ ਥਾਂ ਉਸਨੇ ਜੋ ਆਦਮ ਵਿੱਚ ਗੁਆਇਆ ਸੀ ਫਿਰ ਕਾਇਮ ਕੀਤਾ। ਹਰਮਨ ਬੈਵਿਕ ਕੰਹਿਦੇ ਹਨ "ਉੱਚੀ ਤਰਾ ਦਾ ਜੀਵਨ ਭੋਤਿਕ ਅਜਾਦੀ ਹੈ ਜੋ ਪਾਪ ਤੇ ਮਰਨ ਦੇ ਲਾਇਕ ਨਹੀ ਹੁੰਦੀ ਮਨੁੱਖ ਨੂੰ ਡਰ ਅਤੇ ਸ਼ਕ ਸਭ ਤੋ ਉਪਰ ਚੁੱਕਦੀ ਹੈ ਅਤੇ ਸਭ ਪ੍ਰਕਾਰ ਤੋ ਡਿੱਗਣ ਦੀ ਸੰਭਾਵਾਨਾ ਹੈ, [21] ਜੋ ਯੀਸੂ ਦੇ ਵਸੀਲੇ ਨਜਾਤ ਪਾਏ ਹਨ ਉਹ ਕਿਸੇ ਤਰਾ ਦੇ ਪਾਪ ਦੇ ਗੁਲਾਮ ਨਹੀ ਹਨ। ਉਹ ਮਰ ਨਹੀ ਸਕਦੇ ਅਤੇ ਨਾ ਹੀ ਸਜਾ ਦਾ ਕੋਈ ਡਰ ਹੈ।

**1 ਯੂਹੰਨਾ 3:9** ਹਰ ਕੋਈ ਜਿਹੜਾ ਪਰਮੇਸਵਰ ਤੋ ਜੰਮਿਆ ਹੈ ਪਾਪ ਨਹੀ ਕਰਦਾ ਕਿਉ ਜੋ ਉਸ ਦਾ ਬੀਅ ਉਸ ਵਿੱਚ ਰਹਿੰਦਾ ਹੈ ਅਤੇ ਉਹ ਪਾਪ ਨਹੀ ਕਰ ਸਕਦਾ ਇਸ ਲਈ ਜੋ ਉਹ ਪਰਮੇਸਵਰ ਤੋ ਜੰਮਿਆ ਹੋਇਆ ਹੈ।

**ਯੂਹੰਨਾ 3:16** "ਕਿਉਕਿ ਪਰਮੇਸਵਰ ਨੇ ਜਗਤ ਨੂੰ ਅਜਿਹਾ ਪਿਆਰ ਕੀਤਾ ਜੋ ਉਹ ਨੇ ਆਪਣਾ ਇਕਲੋਤਾ ਪੁੱਤਰ ਬਖਸ਼ ਦਿੱਤਾ ਤਾ ਜੋ ਹਰੇਕ ਜੋ ਉਸ ਉਤੇ ਨਿਹਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ"।

**ਰੋਮੀਆ 8:1** ਸੋ ਹੁਣ ਉਹਨਾ ਲਈ ਜਿਹੜੇ ਮਸੀਹ ਯਿਸੂ ਵਿੱਚ ਹਨ ਸਜਾ ਦਾ ਹੁਕਮ ਨਹੀ ਹੈ। ਕਿਉਕਿ ਉਹ ਸਰੀਰ ਦੇ ਅਨੁਸਾਰ ਨਹੀ ਪਰ ਆਤਮਾ ਦੇ ਅਨੁਸਾਰ ਚੱਲਦੇ ਹਨ।

ਤੀਸਰਾ, ਯੀਸੂ ਜੀਵਨ ਦੇ ਦਰਖਤ ਦੀ ਅਗਵਾਈ ਕਰਦਾ ਹੈ। ਜੋ ਨੇਮ ਦੀ ਵਾਚਾ ਦੀ ਮੋਹਰ ਹੈ ਇਹ ਸੱਚ ਹੈ ਕਿ ਪਾਪ ਤੋ ਪਹਿਲਾ ਯੀਸੂ ਮਸੀਹ ਇਸ ਵਿੱਚ ਨਹੀ ਸੀ। ਪਰ ਪਰਮੇਸ਼ਵਰ ਦਾ ਅਦੇਸ਼ ਹੈ ਕਿ ਉਸ ਤੋ ਹੋਵੇਗਾ ਕਿ ਉੱਚਾ ਜੀਵਨ ਪ੍ਰਾਪਤ ਕੀਤਾ ਜਾਵੇ। ਇਹ ਉਸ ਦਰਖਤ ਨੂੰ ਦਰਸਾਉਦਾ ਹੈ। ਨਵਾ ਨੇਮ ਇਸਨੂੰ ਸਾਫ ਕਰਦਾ ਹੈ। ਪੂਰਾ ਜੀਵਨ ਅਸਲ ਆਤਮਿਕ , ਦੂਜਾ ਜਨਮ ਅਤੇ ਸਦਿਪਕ ਜੀਵਨ  ਮਸੀਹ ਤੋਂ ਹੈ। ਯਹੂਨਾ 1:4, ਫਿਲਿਪੀਆ 1:21, 2 ਕੁਰੰਥੀਆਂ 5:17,

1ਥਸਲੁਨੀਕੀਆ 4:17 ਅਸੀ ਪਹਿਲਾ ਹੀ ਦਸ ਦਿੱਤਾ ਹੈ ਕਿ ਇਸ ਤਰਾ ਪ੍ਰਕਾਸ਼ ਦੀ ਪੋਥੀ ਮਸੀਹ ਨੂੰ ਜੀਵਨ ਦਾ ਦਰਖਤ ਦਸਦੀ ਹੈ ਅਤੇ ਧਰਮ ਗ੍ਰੰਥ ਇਸ ਗੱਲ ਨੂੰ ਸਾਫ ਕਰਦਾ ਹੈ ਕਿ ਪਰਮੇਸ਼ਵਰ ਦੀ ਸਾਰੀ ਪ੍ਰਤੀਗਿਆ ਵਿੱਚ ਹਾਂ ਅਤੇ ਆਮੀਨ ਹੈ। 2 ਕੁਰੰਥੀਆ 1: 20 [22]

13

# ਨੇਮ ਦੇ ਕੰਮ ਅਤੇ ਸਾਨੂੰ ਪਰਮੇਸ਼ਰ ਦੇ ਸਾਹਮਣੇ ਉਚਿਤ ਠਹਿਰਾਉਣ ਵਿੱਚ ਕਿ ਰਿਸ਼ਤਾ ਹੈ?

ਅੱਜ ਬਹੁੱਤ ਸਾਰੇ ਹਨ ਜੋ ਇਨਕਾਰ ਕਰਦੇ ਹਨ ਕਿ ਮਸੀਹ ਦੇ ਹੁਕਮ ਨੂੰ ਮੰਨਣਾ ਸਾਡੇ ਨਿਆਂ ਵੇਲੇ ਹਿਸਾਬ ਚਕਾਉਂਦੀ ਹੈ। ਯੀਸੂ ਮਸੀਹ ਦੀ ਮੌਤ ਜਰੂਰੀ ਹੈ। ਪਰ ਉਸਦੀ ਪੁਰੇ ਹੁਕਮ ਨੂੰ ਮੰਨਣਾ ਪਰਮੇਸ਼ਵਰ ਦੀ ਵਿਵਸਥਾ ਦੇ ਵਾਸਤੇ ਉਸਦੇ ਪੁਰੀ ਧਰਤੀ ਦੇ ਜੀਵਨ ਤੋ ਨਹੀ। ਅਕਸਰ ਜਦੋ ਮਸੀਹੀ ਆਪਣੀ ਮੁਕਤੀ ਦੇ ਬਾਰੇ ਸੋਚਦੇ ਹਨ, ਉਹ ਉਸਨੂੰ ਆਪਣੇ ਵਾਸਤੇ ਮਰਨ ਦੇ ਬਾਰੇ ਸੋਚਦੇ ਹਨ, ਪਰ ਉਸਦੀ ਜੀਵਨ ਭਰ ਦੀ ਹੁਕਮ ਮੰਨਣ ਨੂੰ ਭੁੱਲ ਜਾਦੇ ਹਨ। ਨੇਮ ਦੀ ਵਾਚਾ ਸਾਨੂੰ ਇਕ ਤਰਫਾ ਸੱਚ ਸਾਡੇ ਪ੍ਰਭੂ ਦੇ ਛੁਟਕਾਰੇ ਦੇ ਕੰਮ ਦੀ ਰਾਖੀ ਕਰਦੀ ਹੈ।

ਆਦਮ ਉਹ ਜੋ ਮਾਨਵਤਾ ਦਾ ਸੰਚਾਲਕ ਹੈ। ਉਸੇ ਪਰਮੇਸ਼ਵਰ ਦੇ ਸਾਮਣੇ ਨਿਆ ਪੁਰੀ ਹੁਕਮ ਨੂੰ ਅਰਪਨ ਕਰਨਾ ਹੈ। ਆਦਮ ਨੂੰ ਕੋਈ ਪਛਤਾਵੇ ਦੀ ਲੋੜ ਨਹੀ ਸੀ, ਕਿਉਕਿ ਉਸ ਵੇਲੇ ਪਾਪ ਨਹੀ ਸੀ। ਪਰ ਉਸਨੂੰ ਆਪਣੇ ਆਪ ਪੂਰਨ ਅਤੇ ਅਨੰਤ ਆਗਿਆਕਾਰਿਤਾ ਦੀ ਲੋੜ ਸੀ। ਤਾ ਕਿ ਉਹ ਨਿਆਂ ਨੂੰ ਉਸ ਵੇਲੇ ਦਸ ਸਕੇ। ਆਖਰੀ ਆਦਮ ਮਸੀਹ ਨੂੰ ਇਸ ਵਾਸਤੇ ਕਿ ਉਹ ਆਪ ਪੂਰਨ ਅਤੇ ਅਨੰਤ ਆਗਿਆਕਰਿਤਾ ਨੂੰ ਪ੍ਰਾਪਤ ਕਰਨਾ ਹੈ। ਆਪਣੇ ਲੋਕਾ ਨੂੰ ਉਹਨਾ ਦੇ ਨਿਆਉ ਸਗੰਤ ਦੇ ਲਈ ਮਸੀਹ ਦੀ ਆਗਿਆਕਾਰਿਤਾ ਸਾਡੇ ਨਿਆ ਦੇ ਲਈ ਪਰਮੇਸ਼ਵਰ ਦੇ ਸਾਹਮਣੇ ਇਕ ਹਿੱਸਾ ਸੀ। ਦੁੱਖ ਅਤੇ ਮੌਤ ਜਰੂਰੀ ਸੀ। ਕਿਉਕਿ ਅਸੀ ਆਦਮ ਦੇ ਪਾਪ ਦੇ ਕਾਰਨ ਮੌਤ ਦੀ ਸਜਾ ਵਿੱਚ ਸੀ। ਜੇਕਰ ਆਦਮ ਕਾਮਯਾਬ ਹੁੰਦਾ ਤਾਂ ਇਹ ਉਸਦੀ ਪੂਰੀ ਆਗਿਆਕਾਰਿਤਾ ਹੁੰਦੀ ਜੇਹੜੀ ਉਸਦੀ ਪਿੜੀ ਤੇ ਡੋਲੀ ਜਾਂਦੀ ਅਤੇ ਨਿਆਂ ਸੰਗਤ ਧਾਰਮਿਕਤਾ ਹੂੰਦੀ। ਇਸ ਲਈ ਇਹ ਮਸੀਹ ਦੀ

ਆਗਿਆਕਾਰਿਤਾ ਹੈ। ਜੋ ਉਸਦੇ ਲੋਕਾ ਦੇ ਲਈ ਨਿਆਂ ਸੰਗਤ ਧਾਰਮਿਕਤਾ ਹੈ। ਅੱਜ ਇਸ ਦੀ ਅਸਲੀਅਤ ਹਾਲਤ ਆਗਿਆਕਾਰਿਤਾ ਸੀ ਅਤੇ ਜਿਸਨੂੰ ਮਸੀਹ ਨੇ ਅਰਪਨ ਕੀਤਾ। ਜੋ ਸਜਾ ਉਸਨੇ ਝੇਲੀ ਉਹ ਜਰੂਰੀ ਸੀ। ਕਿਉਕਿ ਪਾਪ ਹੁਣ ਉਹਨਾ ਵਾਸਤੇ ਹੈ ਜਿਹਨਾ ਦੀ ਉਹ ਅਗਵਾਈ ਕਰਦਾ ਹੈ।

ਇਹ ਦਿਮਾਗ ਵਿੱਚ ਰੱਖਣਾ ਜਰੂਰੀ ਹੈ ਕਿ ਇਹ ਉਹ ਕਾਰਨ ਹੈ ਕਿ ਮਸੀਹ ਵਿਵਿਸਸਥਾ ਦੇ ਅੰਦਰ ਪੈਦਾ ਹੋਇਆ ਅਤੇ ਇਸ ਉਦੇਸ਼ ਦੇ ਕਾਰਨ ਉਹ ਸੰਸਾਰ ਵਿੱਚ ਆਇਆ। ਉਸ ਨੇ ਵਿਵਿਸਥਾ ਨੂੰ ਪੂਰਾ ਕਿਤਾ ਅਤੇ ਉਸਦਾ ਆਦਰ ਕੀਤਾ ਅਤੇ ਆਪਣੇ ਆਪ ਨੂੰ ਸਮਰਪਿਤ ਕਰਨ ਲਈ ਇੱਥੋ ਤੱਕ ਮੋਤ ਦੇ ਵਿੱਚ ਵੀ।

**ਗਲਤੀਆਂ 4:4** ਪਰ ਜਾ ਸਮਾਂ ਪੂਰਾ ਹੋਇਆ ਤਾ ਪਰਮੇਸ਼ਵਰ ਨੇ ਆਪਣੇ ਨੂੰ ਘੱਲਿਆ ਜਿਹੜਾ ਤੀਵੀ ਤੋ ਜੰਮਿਆ ਅਤੇ ਸਰਾਂ ਦੇ ਮਤਹਿਤ ਜੰਮਿਆਂ।

**ਮੱਤੀ 5:17** ਇਹ ਨਾ ਸਮਝੋ ਭਈ ਮੈ ਸਰਾ ਯਾ ਨਬੀਆ ਨੂੰ ਖੰਡਣ ਆਇਆ ਹਾਂ। 18 ਕਿਉਕਿ ਜੋ ਮੈ ਤੁਹਾਨੂੰ ਸੱਚ ਆਖਦਾ ਹਾਂ ਕਿ ਜਿੰਨਾ ਚਿਰ ਅਕਾਸ਼ ਅਤੇ ਧਰਤੀ ਟਲ ਨਾ ਜਾਣ ਇਕ ਅੱਖਰ ਜਾਂ ਇਕ ਬਿੰਦੀ ਵੀ ਤੁਰੇਤ ਦੀ ਨਾ ਟਲੇਗੀ ਜਦ ਤੀਕ ਸਭ ਕੁਝ ਪੂਰਾ ਨਾ ਹੋਵੇ।

**ਫਿਲੀਪੀਆਂ 2:6** ਕਿ ਉਸ ਨੇ ਪਰਮੇਸ਼ਵਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ਵਰ ਦੇ ਤੁੱਲ ਹੋਣਾ ਕਬਜੇ ਰੱਖਣ ਦੀ ਚੀਜ਼ ਨਾ ਜਾਣਿਆ 7 ਸਗੋ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾ ਦੀ ਸੂਰਤ ਵਿੱਚ ਜੰਮਿਆ। 8 ਅਤੇ ਮਨੁੱਖ ਦੀ ਸ਼ਕਲ ਵਿੱਚ ਪ੍ਰਗਟ ਹੋ ਕੇ ਆਪਣੇ ਆਪ ਨੂੰ ਨੀਵੀਆ ਕੀਤਾ ਅਤੇ ਮੋਤ ਤਾਈ ਸਗੋ ਸਲੀਬ ਦੀ ਮੋਤ ਤਾਈ ਆਗਿਆਕਾਰ ਬਣਿਆ।

14

# ਨੇਮ ਦੇ ਕੰਮਾ ਵਿੱਚ ਕਿਹੜੀਆ ਰੁਕਾਵਟਾ ਹਨ?

ਇਸ ਤੋ ਪਹਿਲਾ ਕਿ ਅਸੀ ਇਸ ਸਿੱਖਿਆ ਨੂੰ ਸਮਾਪਤ ਕਰੀਏ। ਇਹ ਚੰਗਾ ਹੋਵੇਗਾ ਕਿ ਅਸੀ ਕੁਝ ਰੁਕਾਵਟਾ ਨਾਲ ਜੇਹੜੀ ਪਰਮੇਸ਼ਵਰ ਤੇ ਮਨੁੱਖ ਦੇ ਨਾਲ ਮੇਲ ਕਰਨ ਦੇ ਵਿਰੋਧ ਵਿੱਚ ਹੈ। ਸ਼ਬਦ "ਵਾਚਾ" ਜੇਹੜੀ ਉਤਪਤੀ 2 ਵਿੱਚ ਨਹੀ ਮਿਲਦੀ ਅਸੀ ਪਹਿਲਾ ਹੀ ਇਸ ਰੁਕਾਵਟ ਤੇ ਵਿਚਾਰ ਵਿਟਾਦਾਰਾਂ ਕਰ ਚੁੱਕੇ ਹਾਂ।

ਦੂਸਰੀ ਆਮ ਰੁਕਾਵਟ ਇਹ ਹੈ ਕਿ ਪਰਮੇਸ਼ਵਰ *ਅਨਿਆਏ* ਪੂਰਨ ਹੈ ਕਿ ਆਦਮ ਨੂੰ ਸਾਡਾ ਸਭ ਦਾ ਪ੍ਰਤਿਨਿਧੀ ਬਣਾਵੇ ਪੇਸ਼ ਕਰਨ ਦਾ ਇਹ ਸਿਧਾਂਤ ਮਾਨਵ ਸਮਾਜ ਦੇ ਲਈ ਆਮ ਹੈ, ਪਿਤਾ ਪਰਿਵਾਰ ਦਾ ਮੁਖਿਆ ਹੈ। ਪਤੀ ਪਤਨੀ ਦਾ ਸ਼ਾਸ਼ਕ ਹੈ। ਰਾਜਾ ਆਪਣੇ ਦੇਸ਼ ਦਾ ਸ਼ਾਸਕ ਹੈ ਅਤੇ ਕੰਪਣੀ ਦਾ ਆਗੂ ਕੰਪਨੀ ਦਾ ਸ਼ਾਸਕ ਹੈ। ਇਹਨਾ ਸਰੀਆ ਘਟਨਾਵਾਂ ਵਿੱਚ ਆਗੂ ਜਾ ਸ਼ਾਸਕ ਕਿ ਕਰਦਾ ਹੈ ਜਿਹਨਾ ਨੂੰ ਉਹ ਚਲਾਉਦਾਂ ਤਾਂ ਕਿ ਫਿਰ ਸਾਨੂੰ ਸ਼ੁਰੂ ਤੇ ਇਸ ਗੱਲ ਨੂੰ ਲੈ ਕੇ ਪ੍ਰੇਸ਼ਾਨੀ ਕਿਉ ਹੈ? ਜਾਂ ਤਾ ਪਰਮੇਸ਼ਵਰ ਸਾਡੇ ਨਾਲ ਹਾਜਰ ਹੋਣ ਕਰਕੇ ਸਾਡੇ ਨਾਲ ਵਿਹਾਰ ਕਰਦਾ ਹੈ ਜਾਂ ਹਰੇਕ ਨੂੰ ਉਸ ਇਮਤਿਹਾਨ ਵਿੱਚੋ ਗੁਜਰਨਾ ਪਵੇਗਾ। ਪਰਮੇਸ਼ਵਰ ਨੇ ਸਾਡੇ ਵਾਸਤੇ ਇਕ ਸਭ ਤੋ ਵਧੀਆ ਰਾਹ ਚੁਣਿਆ ਹੈ ਜੇਕਰ ਸਾਨੂੰ ਸਾਡਾ ਪੇਸ਼ ਕਰਨ ਵਾਲਾ ਚੋਣ ਕਰਨ ਨੂੰ ਕਹੇ ਤਾ ਅਸੀ ਇਹ ਨਹੀ ਕਹਾਗੇ ਜੋ ਜੀ.ਐਸ.ਬਿਸਪ ਕੰਹਿਦੇ ਹਨ।

" ਉਹ ਪੂਰਾ ਮਨੁੱਖ ਹੈ ਅਤੇ ਪਰਮੇਸ਼ਵਰ ਦੀ ਸਮਾਨਤਾ ਅਤੇ ਸਵਰੂਪ ਤੇ ਹੈ, ਜੇਕਰ ਸਾਡੇ ਲਈ ਕੋਈ ਖੜਾ ਹੁੰਦਾ ਹੈ ਤਾਂ

> ਉਸਨੂੰ ਮਨੁੱਖ ਹੋਣ ਦੇਣ, ਹੁਣ ਜਦਕਿ ਸਵਰਗ ਦੂਤ ਆਪਣੇ ਲਈ ਖੜੇ ਹਨ ਅਸਫਲ ਹੋਏ, ਕਿਉਕਿ ਅਸੀ ਆਪਣੇ ਲਈ ਖੜੇ ਹੋਣਾ ਚਾਹੁੰਦੇ ਹਾ ਅਤੇ ਜੇਕਰ ਇਹ ਠੀਕ ਹੈ ਕਿ ਕੋਈ ਸਾਡੇ ਵਾਸਤੇ ਖੜਾ ਹੋਵੇ ਤਾਂ ਅਸੀ ਸਿਕਾਇਤ ਕਿਉ ਕਰੀਏ? ਜਦ ਪਰਮੇਸ਼ਵਰ ਨੇ ਇਸ ਕੰਮ ਦੇ ਲਈ ਠੀਕ ਮਨੁੱਖ ਨੂੰ ਚੁਣਿਆ ਹੈ, ਜੇਕਰ ਅਸੀ ਚੁਣਦੇ ਤਾ ਕਿ ਅਸੀ ਅਸਤਿਤਵ ਵਿੱਚ ਰਹਿੰਦੇ ਅਤੇ ਆਪਣੇ ਵਾਸਤੇ ਚੋਣ ਦੇ ਕਾਬਿਲ ਹੁੰਦੇ? [23]

ਰੁਕਾਵਟ ਇਹ ਕਿ ਇਸ ਮਾਮਲੇ ਵਿੱਚ ਆਦਮੀ ਦੇ ਕੋਲ ਕੋਈ ਠੋਸ ਗੱਲ ਨਹੀ ਸੀ ਅਤੇ ਇਸ ਲਈ ਇਹ ਅਨਿਆਇ ਹੈ। ਇਹ ਫੌਕੀ ਗੱਲ ਹੈ, ਜਦ ਕਿ ਵਾਚਾ ਨੇ ਉਹਨਾ ਨੂੰ ਸਭ ਮੁਨਾਫੇ ਦਿੱਤੇ ਅਤੇ ਕੁੱਝ ਘਾਟਾ ਨਹੀ। ਉਹ ਪਰਮੇਸ਼ਵਰ ਦੇ ਸਰੂਪ ਤੇ ਉਸਦੀ ਰਚਨਾ ਦੀ ਤਰਾ, ਆਗਿਆ ਮੰਨਣ ਨੂੰ ਮਜਬੂਰ ਸੀ ਅਤੇ ਪਰਮੇਸ਼ਵਰ ਨੇ ਹੁਣ ਇਕ ਅਦਭੁਤ ਵਾਚਾ ਤੋ ਸਦੀਪਕ ਜੀਵਨ ਨੂੰ ਜੋੜਿਆ। ਕਿ ਸਮਸਿਆ ਹੈ? ਆਦਮ ਇਕ ਜਿੰਮੁਵਾਰ ਮਨੁੱਖ ਨੇ ਵੇਖਿਆ ਕਿੰਨਾ ਅਦਭੁਤ ਮੋਕਾ ਉਸਨੂੰ ਦਿੱਤਾ ਗਿਆ ਕਿ ਉਹ ਵਾਚਾ ਤੋ ਉੱਚਾ ਜੀਵਨ ਪਾ ਸਕੇ। ਆਦਮ ਪੁਰੀ ਤਰਾ ਸਹਿਮਤ ਸੀ। ਜਦੋ ਉਹ ਪਾਪ ਵਿੱਚ ਪੈ ਗਿਆ ਉਸਨੇ ਕਦੀ ਵੀ ਇਹ ਬਹਾਨਾ ਨਹੀ ਬਣਾਇਆ ਕਿ ਪਹਿਲੇ ਥਾ ਤੇ ਸਹਿਮਤ ਨਹੀ ਸੀ।

ਕੋਈ ਵੀ ਰੁਕਵਟ ਜੇਹੜੀ ਇਸ ਸਹਿਮਤੀ ਤੇ ਵਿਰੋਦ ਵਿੱਚ ਪੈਦਾ ਹੁੰਦੀ ਹੈ, ਕੋਈ ਵੀ ਮਸੀਹ ਤੋ ਪੇਸ਼ ਕਿਤਾ ਗਿਆ ਜੁਰਮਾਨਾ ਵੀ ਹੋ ਸਕਦਾ ਹੈ। ਜਿਸਦਾ ਮਤਲਬ ਇਹ ਹੈ ਕਿ ਰੁਕਾਵਟ ਦੇ ਲਈ ਕੋਈ ਮੁਕਤੀ ਨਹੀ ਹੈ। ਆਉ ਪੂਰੀ ਇੱਛਾ ਨਾਲ ਆਪਣੇ ਆਪ ਨੂੰ ਪਰਮੇਸ਼ਵਰ ਦੇ ਰਾਹ ਤੇ ਸਮਰਪਨ ਕਰਿਏ ਕਿ ਉਸਦੇ ਪੁੱਤਰ ਵਿੱਚ ਜੀਵਨ ਪਾਇਐ।

# ਤਿੰਨ ਨਿਚੋੜ:-

*ਪਹਿਲਾ* ਪਰਮੇਸ਼ਵਰ ਦਾ ਮਨੁੱਖ ਦੇ ਨਾਲ ਮੇਲ ਵਾਚਾ ਦੁਆਰਾ ਸੀ, ਆਦਮ ਵਾਚਾ ਦਾ ਮੁਖੀਆ ਸੀ ਉਹਨਾ ਸਭਨਾ ਦੇ ਲਈ ਜਿਹੜੇ ਉਸਦੀ ਇਕ ਆਮ ਪੀੜੀ ਉਸਦੇ ਪੁਰਵਜਾ ਤੋ ਸੀ। ਆਦਮ ਕੋਲ ਇਕ ਵੱਡਾ ਮੋਕਾ ਸੀ ਕਿ ਉਹ ਮਾਨਵ ਜਾਤੀ ਦੇ ਲਈ ਉੱਚਾ ਉਦੇਸ਼ ਪਾ ਸਕੇ ਜੋ ਸਦੀਪਕ ਜੀਵਨ ਹੈ। ਉਹ ਅਸਫਲ ਰਿਹਾ ਅਤੇ ਸਾਰੀ ਮਨੁੱਖ ਜਾਤੀ ਨੂੰ ਪਾਪ ਅਤੇ ਮੋਤ ਵਿੱਚ ਧਕੇਲ ਦਿੱਤਾ। ਸਰੀਰਕ ਅਤੇ ਆਤਮਿਕ ਰੂਪ ਵਿੱਚ ਡਿੱਗ ਪਿਆ।

ਆਦਮ ਮਸੀਹ ਦੀ ਤਰਾ ਸੀ ਜੋ ਨਵੀ ਮਾਨਵਤਾ ਦਾ ਮੁੱਖੀਆ ਹੈ। ਰੋਮਿਆ 5:14 ਪੋਲੁਸ ਇਸ ਸੱਚ ਨੂੰ ਰੋਮੀਆ 5:12-19 ਤੇ ਜੋਰ ਦਿੰਦਾ ਹੈ। ਧਿਆਨ ਦਿਉ ਪੋਲੁਸ ਦੇ ਸ਼ਬਦਾ ਤੇ ਜਿਸ ਤੇ ਉਹ ਜੋਰ ਦਿੰਦਾ ਹੈ। "ਇਕ" ਅਤੇ "ਕਿਸੀ ਦਾ ਅਪਰਾਧ" ਆਇਤ 12,15,16,17,18,19 ਸਿਰਫ ਦੋ ਸਾਸ਼ਕ ਹਨ ਜਿਹੜੇ ਮਨੁੱਖ ਜਾਤੀ ਨੂੰ ਪੇਸ਼ ਕਰਦੇ ਹਨ, ਧਰਤੀ ਦਾ ਬੀਜ਼ ਆਦਮ ਤੋ ਅਤੇ ਆਤਮਿਕ ਬੀਜ, ਦੁਸਰੇ ਮਨੁੱਖ ਆਖਰੀ ਆਦਮ ਮਸੀਹ ਤੋ। ਇਹ ਠੀਕ ਤਰਾ ਪੋਲੁਸ ਨੇ ਕੁਰੰਥੀਆਂ ਦੇ ਖੱਤ ਵਿੱਚ ਵਿਖਾਇਆ ਗਿਆ ਹੈ।

**1 ਕੁਰੰਥੀਆਂ 15:45** ਇਉ ਲਿਖਿਆ ਹੋਇਆ ਵੀ ਹੈ ਜੋ ਪਹਿਲਾ ਮਨੁੱਖ ਆਦਮ ਜੀਉਦੀ ਜਾਣ ਹੋਇਆ, ਛੇਕੜਲਾ ਆਦਮ ਜੀਵਨ ਦਾਤਾ ਆਤਮਾ ਹੋਇਆ।

**1 ਕੁਰੰਥੀਆਂ 15:47** ਪਹਿਲਾ ਮਨੁੱਖ ਮਿਟੀ ਦਾ ਬਣਿਆ। ਦੂਜਾ ਮਨੁੱਖ ਸਵਰਗ ਤੋ।

ਆਦਮ ਮੌਤ ਅਤੇ ਪਾਪ ਲਿਆਇਆ। ਆਖਰੀ ਆਦਮ ਆਪਣੇ ਸਾਰੇ ਆਤਮਕ ਬੀਜ ਦੇ ਲਈ ਧਾਰਮਿਕਤਾ ਅਤੇ ਜੀਵਨ ਲੈ ਕੇ ਆਇਆ। ਸਾਡਾ ਪ੍ਰੱਭੂ "ਦੂਸਰਾ ਮਨੁੱਖ ਕਹਾਇਆ ਕਿਉਕਿ ਬੁਹਤ ਸਾਰੇ ਨਵੇਂ ਮਨੁੱਖ ਅਤੇ ਤੀਵੀਆਂ ਜੋ ਉਹਨਾ ਨੂੰ ਬਚਾਉਣ ਵਾਲੇ ਕੰਮਾ ਦਾ ਨਤੀਜਾ ਹੋਵੇਗਾ। "[24]

ਅਡਵਰਡ ਡੋਨਲੀ ਲਿਖਦੇ ਹਨ "ਮਸੀਹ ਕਦੀ ਵੀ ਦੂਸਰੇ ਆਦਮ ਵਾਂਗ ਧਰਮ ਗ੍ਰੰਥ ਵਿੱਚ ਨਹੀ ਦੱਸਿਆ ਗਿਆ। ਉਹ " ਆਖਰੀ" ਆਦਮ ਹੈ। ਆਖਿਰ, ਪੂਰਾ, ਆਖਰੀ ਆਦਮ ਸਭ ਦਾ ਆਗੂ ਜਿਹਨੇ ਇਕ ਵਾਰ ਅਤੇ ਸਾਰਿਆ ਲਈ ਮੁੱਕਤੀ ਨੂੰ ਪਾ ਲਿਆ।" [25]

*ਦੂਜਾ* ਉਹ ਪਾਪੀ ਮਨੁੱਖ ਦੇ ਲਈ ਸੋਚਨਾ ਜਰੂਰੀ ਹੈ ਕਿ ਮੁਕਤੀ ਕੰਮਾ ਤੋ ਹੈ। ਮਨੱਖ ਆਪਣੇ ਚੰਗੇ ਅਤੇ ਬੁਰੇ ਕੰਮਾ ਦੇ ਬਾਰੇ ਵਿੱਚ ਸੋਚਦਾ ਹੈ ਕਿ ਉਹ ਗਿਣੇ ਜਾਨਗੇ ਅਤੇ ਵੱਡੀ ਤੇਜੀ ਨਾਲ ਇਸ ਨਾਪ ਤੇ ਨਿਰਭਰ ਹੁੰਦੇ ਹਨ ਕਿ ਉਹ ਸਵਰਗ ਵਿੱਚ ਜਾ ਨਰਕ ਵਿੱਚ ਜਾਵੇਗਾ। ਇਹ ਗੱਲ ਪੂਰੀ ਤਰਾ ਇਸ ਸਚਾਈ ਨੂੰ ਪਿੱਛੇ ਕਰਦੀ ਹੈ ਮਨੁੱਖ ਜਾ ਤਾ ਆਦਮ ਤੋ ਹੈ ਜਾਂ ਮਸੀਹ ਤੋ ਹੈ। ਮਨੁੱਖ ਮਸੀਹ ਵਿੱਚ ਨਹੀ ਹੈ ਤਾਂ ਉਹ ਹੁਣ ਤੱਕ ਆਦਮ ਵਿੱਚ ਹੈ। ਇਹ ਕੁਝ ਮਾਇਨੇ ਨਹੀ ਰੱਖਦਾ ਕਿ ਉਹ ਕਿ ਕਰਦਾ ਹੈ। ਇੱਥੋ ਤੱਕ ਕਿ ਹੁਣ ਤੋ ਉਹ ਚੰਗਾ ਕਰੇ। ਨਿਆ ਦੇ ਦਿਨ ਤੱਕ, ਤਾਂ ਵੀ ਉਹ ਆਦਮ ਵਿੱਚ ਨਸ਼ਟ ਹੋਵੇਗਾ ਡੋਨਲੀ ਇਸ ਸਚਾਈ ਨੂੰ ਇਸ ਤਰਾ ਦੱਸਦੇ ਹਨ।

> 6 ਅਗਸਤ 1945, **ਬੀ29** ਵਿੱਚ ਇਕ ਅਜਨਬੀ ਅਤੇ ਖਤਰਨਾਕ ਜਹਾਜ ਜਿਸ ਦਾ ਨਾਮ ਇਨੋਲਾ ਗੇ ਸੀ। ਇਹ ਦੁਸਰੇ ਸਾਹੀ ਜਪਾਨੀ ਮੁੱਖ ਦਫਤਰ ਜੋ ਹਿਰੋਸੀਮਾ ਵਿੱਚ ਸੀ। ਇਸਦਾ ਜਹਾਜ ਯੁਰੇਨਿਅਮ ਬੰਬ ਲੇ ਜਾ ਰਿਹਾ ਸੀ ......... ਜੇਕਰ ਤੁਸੀ ਉਸ ਸਵੇਰੇ ਹਿਰੋਸ਼ੀਮਾ ਵਿੱਚ ਹੁੰਦੇ ਤਾ ਤੁਸੀ ਮਰ ਜਾਦੇ। ਇਸਦਾ ਕੋਈ ਮਤਲਬ ਨਹੀ ਕਿ ਤੁਸੀ ਕਿ ਕਿਤਾ ਹੈ। ਤੁਸੀ ਆਪਣੇ ਅੰਕਲ ਨੂੰ ਫੋਨ ਕਰ ਦਿੱਤਾ ਹੁੰਦਾ ਜੋ ਅਮਰੀਕਾ ਵਿੱਚ ਹੈ ਤਾ ਕਿ ਉਸਦੇ ਸੈਨਾ ਦੇ ਆਦਮੀ ਬੁਲਾਏ ਹੁੰਦੇ । ਇਸ

> ਨਾਲ ਕੋਈ ਫਰਕ ਨਹੀ ਪੈਂਦਾ ਤੁਸੀ ਇਕ ਜੋੜੀ ਪੈਂਟ ਅਤੇ ਬੇਸਬਾਲ ਟੋਪੀ ਪਾਈ ਹੁੰਦੀ ਅਤੇ ਗਲੀ ਵਿੱਚੋ ਦੋੜਦੇ ਅਮਰੀਕੀ ਝੰਡੇ ਨੂੰ ਹਿਲਾਉਦੇ ਹੋਏ ਇਹ ਕੋਈ ਮਾਇਨੇ ਨਹੀ ਰੱਖਦਾ। ਤੁਸੀ ਡੁੱਬ ਗਏ ਹੁੰਦੇ ਕਿਉਕਿ ਹਿਰੋਸਿਮਾ ਡੁੱਬ ਗਿਅ, ਤੁਸੀ ਕੁਝ ਵੀ ਕਰੋ, ਤੁਸੀ ਹੁਣ ਤੱਕ ਉਸੇ ਜਗਾ ਤੇ ਹੁੰਦੇ। [26]

*ਤਿਸਰਾ* ਜਿਹੜਾ ਵੱਡਾ ਖਾਸ ਸਵਾਲ ਪੈਦਾ ਹੁੰਦਾ ਹੈ। ਕਿਵੇਂ ਇੱਕ ਮਨੁੱਖ ਆਦਮ ਤੋਂ ਨਿਕਲ ਕੇ ਮਸੀਹ ਵਿੱਚ ਆ ਸਕਦਾ ਹੈ? ਇੱਕ ਵਾਰ ਫਿਰ ਸਾਡੇ ਇਸ ਲੇਖ "ਨੇਮ ਦੇ ਕੰਮ" ਨੇ ਸਾਡੀ ਮਦਦ ਕੀਤੀ ਹੈ। ਉਹ ਪਰਮੇਸ਼ਵਰ ਹੈ। ਜਿਸਨੇ ਆਦਮ ਨੂੰ ਵਾਚਾ ਵਿੱਚ ਰੱਖਿਆ। ਅਤੇ ਇਹ ਸਿਰਫ ਪਰਮੇਸ਼ਵਰ ਹੀ ਹੈ, ਜਿਹੜਾ ਸਾਨੂੰ ਮਸੀਹ ਵਿੱਚ ਰੱਖ ਸਕਦਾ ਹੈ ਇਹ ਪਵਿੱਤਰ ਆਤਮਾ ਤੋਂ ਮਿਲਦਾ ਹੈ। ਜੋ ਸਾਨੂੰ ਮਸੀਹ ਦੇ ਸ਼ਰੀਰ ਵਿੱਚ ਦਿੱਤਾ ਹੈ।

1 ਕੁਰਿੰਥੀਆਂ 12:13 ਸਾਨੂੰ ਪਰਮੇਸ਼ਵਰ ਨੂੰ ਪੁਕਾਰਣ ਦੀ ਲੋੜ੍ਹ ਹੈ ਅਤੇ ਕਿਰਪਾ ਦੇ ਲਈ ਦੁਹਾਈ ਦੇਣ ਦੀ ਤਾਂ ਜੋ ਉਹ ਸਾਨੂੰ ਮਸੀਹ ਦੀ ਥਾਂ ਰੱਖੇ ਸਾਨੂੰ ਹਤਾਸ਼ ਹੋਣ ਦੀ ਲੋੜ੍ਹ ਨਹੀਂ, ਪਰ ਸਾਡੇ ਪ੍ਰਭੂ ਯਿਸ਼ੂ ਮਸੀਹ ਤੇ ਵਿਸ਼ਵਾਸ ਕਰਨਾ ਹੈ ਕਿਉਂਕਿ ਜਦੋਂ ਅਸੀਂ ਇਸ ਤਰ੍ਹਾਂ ਕਰਦੇ ਹਾਂ ਤਾਂ ਉਹ ਘਟਨਾ ਘਟਦੀ ਹੈ ਕਿ ਆਤਮਾ ਸਾਨੂੰ ਨਵਾਂ ਜਨਮ ਦਿੰਦੀ ਹੈ ਅਤੇ ਸਾਡੇ ਵਿੱਚ ਵਿਸ਼ਵਾਸ ਪੈਦਾ ਕਰਦੀ ਹੈ। ਇਸ ਤਰ੍ਹਾਂ ਪੋਲੁਸ ਉੱਤਰ ਦਿੰਦਾ ਹੈ ਜਦ ਜੇਲਰ ਨੇ ਉਸਤੋਂ ਪੁੱਛਿਆ ਕਿ ਮੈਂ ਮੁਕਤੀ ਪਾਉਣ ਦੇ ਲਈ ਕੀ ਕਰਾਂ? ਉਸਨੇ ਉੱਤਰ ਦਿੱਤਾ ਕਿ ਪ੍ਰਭੂ ਯਿਸ਼ੂ ਮਸੀਹ ਦੇ ਨੀਚਾ ਕਰ ਤਾਂ ਤੂੰ ਮੁਕਤੀ ਪਾਵੇਂਗਾ। ਰਸੂਲਾ ਦੇ ਕਰਤਬ 16:30-31।

ਇਹ ਕੋਈ ਮਾਇਨੇ ਨਹੀਂ ਰਖਦਾ ਕਿ ਤੁਸੀਂ ਕਿੰਨੇ ਬੁਰੇ ਸੀ। ਜਿਸਦਾ ਮਤਲਬ ਇਹ ਹੈ ਕਿ ਤੁਸੀਂ ਮਸੀਹ ਵਿੱਚ ਹੋ ਅਤੇ ਸਿਰਫ ਆਤਮਾ ਹੀ ਇਹ ਕਰ ਸਕਦਾ ਹੈ। ਇਹ ਨਿਹਚਾ ਪੈਦਾ ਕਰਦਾ ਹੈ ਅਤੇ ਮਸੀਹ ਨਾਲ ਜੋੜ੍ਹਦਾ ਹੈ। ਸਲੀਬ ਤੇ ਡਾਕੂ ਬਹੁਤ ਦੂਰ ਚੱਲਿਆ ਗਿਆ ਸੀ। ਇਸ ਤਰ੍ਹਾ ਲਗਦਾ ਸੀ ਕਿ ਉਣ ਕੁੱਝ ਚੰਗਾ ਕਰਨ ਲਈ ਬਹੁਤ ਦੇਰ ਹੋ ਚੁੱਕੀ ਹੈ। ਪਰ ਉਸ ਪਰਮੇਸ਼ਵਰ ਦੀ ਕਿਰਪਾ ਤੋਂ ਆਦਮ ਤੇ ਹਟਾਇਆ ਗਿਆ

ਅਤੇ ਮਸੀਹ ਵਿੱਚ ਰੱਖਿਆ ਗਿਆ ਤਦ ਉਸਦਾ ਭਵਿੱਖ ਚਮਕਿਆ ਗਿਆ। ਧਿਆਨ ਨਾਲ ਸੁਣੋਂ ਉਸ ਵੇਲੇ ਕੀ ਹੋਇਆ ਜਦ ਉਹ ਯਿਸ਼ੂ ਅੱਗੇ ਬੇਨਤੀ ਕਰਨ ਲੱਗਾ। ਪਵਿੱਤਰ ਆਤਮਾ ਤੋਂ ਉਸਨੂੰ ਨਿਹਚਾ ਹੋ ਗਈ ਅਤੇ ਉਸਨੇ ਬਹੁਮੁਲੇ ਵਚਨ ਮੁਕਤੀ ਦਾਤਾ ਤੋਂ ਸੁਣੇ, "ਮੈਂ ਤੈਨੂੰ ਸੱਤ ਆਖਦਾ ਹਾਂ, ਭਈ ਅੱਜ ਤੂੰ ਮੇਰੇ ਨਾਲ ਸਵਰਗ ਵਿੱਚ ਹੋਵੇਂਗਾ" ਲੂੱਕਾ 23:43 ਇੱਕ ਮਕਾਨ ਬਦਲਾਵ ਆਖਿਰੀ ਘੰਟੇ ਵਿੱਚ ਹੋਇਆ ਆਦਮ ਵਿੱਚ ਹੋਣ ਤੋਂ ਮਸੀਹ ਵਿੱਚ ਹੋਣ ਨੂੰ।

ਜੇਕਰ ਇਸ ਤਰ੍ਹਾ ਦੀ ਘਟਨਾ ਮੇਰੇ ਮਸੀਹ ਵਿੱਚ ਹੋਣ ਨੂੰ ਹੈ ਅਤੇ ਇਹ ਆਤਮਾ ਦੇ ਦੁਆਰਾ ਵਿਸ਼ਵਾਸ ਨਾਲ ਹੈ, ਸਮਝਣ ਦੀ ਜਰੂਰਤ ਹੈ। ਵਿਸ਼ਵਾਸ ਕਰਨਾ ਸਿਰਫ ਇੱਕ ਜਿਸਮਾਨੀ ਸਹਿਮਤੀ ਨਹੀਂ ਹੈ। ਕਿਸੇ ਮੁੱਦੇ ਦੇ ਲਈ ਜਰੂਰੀ ਹੈ। ਮੈਂ ਜਿਸਮਾਨੀ ਤੋਰ ਤੇਂ ਬਹੁਤ ਸਾਰੀਆਂ ਚੀਜਾਂ ਤੇ ਵਿਸ਼ਵਾਸ ਕਰ ਸਕਦਾ ਹਾਂ ਜੋ ਕਿ ਮੇਰੇ ਰੋਜਾਨਾ ਦੀ ਜਿੰਦਗੀ ਵਿੱਚ ਬਹੁਤ ਘੱਟ ਚੁਕੀ ਹੈ। ਪਰ ਮਸੀਹ ਵਿੱਚ ਵਿਸ਼ਵਾਸ ਕਰਨਾ ਇਸ ਤਰ੍ਹਾ ਨਹੀਂ ਹੈ। ਮਸੀਹ ਤੇ ਵਿਸ਼ਵਾਸ ਕਰਨਾ ਉਸਦੇ ਨਾਲ ਜੁੜ੍ਹਨਾ ਹੈ। ਅਸੀਂ ਪਰਮੇਸ਼ਵਰ ਦੇ ਹੋਰ ਨੇੜੇ ਆਇਏ ਤਾਂ ਜੋ ਅਸੀਂ ਜੀਵਨ ਭਰ ਚੰਗਿਆਈ ਦੇ ਲਈ ਉਸ ਪਰ ਨਿਰਭਰ ਰਹਿਏ। ਇਹ ਉਸਦੇ ਉੱਪਰ ਪੂਰੇ ਤੌਰ ਤੇ ਵਿਸ਼ਵਾਸ ਕਰਨਾ ਹੈ ਅਤੇ ਉਸਦੇ ਪਿੱਛੇ ਚੱਲਣਾ ਹੈ। ਜਦ ਵੀ ਉਹ ਸਾਡੀ ਅਗੁਵਾਈ ਕਰਦਾ ਹੈ ਇਸਦਾ ਮਤਲਬ ਹੈ ਕਿ ਹੁਣ ਆਪਣੇ ਨਹੀਂ ਹਾਂ। ਅਸੀਂ, ਜਿਸ ਤਰ੍ਹਾਂ ਪੋਲਿਸ ਸਾਫ ਕਰਦਾ ਹੈ ਕਿ ਮਮੀਹ ਦੇ ਜਕੜੇ ਹੋਏ ਦਾਸ ਹਾਂ। ਅਸੀਂ ਆਪਣੇ ਮੁਕਤੀ ਦਾਤਾ ਨਾਲ ਇਸ ਤਰ੍ਹਾ ਜੁੜ ਗਏ ਹਾਂ, ਜਿਵੇਂ ਧਰਮ ਸ਼ਾਸਤਰ ਕਹਿੰਦਾ ਹੈ ਕਿ ਮਸੀਹ ਉਸਦੇ ਨਾਲ ਦੁੱਖ ਝੱਲਦੇ ਹਨ। ਰੋਮਿਆ 8:17 ਅਤੇ ਉਸਦੇ ਨਾਲ ਸਲੀਬ ਤੇ ਚੱੜ੍ਹਦੇ ਹਨ। ਰੋਮਿਆ 6:6 ਵਿਸ਼ਵਾਸੀ ਉਸਦੇ ਵਿੱਚ ਜੀਵਿਤ ਹਨ। ਅਫਸੀਆਂ 2:5 ਅਸੀਂ ਆਪਣੇ ਸਾਰੇ ਸਾਜਣ ਉਸ ਮਸੀਹ ਦੇ ਨਾਲ ਜੁੜ੍ਹਨ ਨਾਲ ਕੱਢਦੇ ਹਾਂ। ਜੇਕਰ ਤੁਸੀਂ ਮਸੀਹ ਦੇ ਨਾਲ ਨਹੀਂ ਹੋ ਤਾਂ ਤੁਸੀਂ ਹੁਣ ਤੱਕ ਆਦਮ ਤੋਂ ਹੋ ਅਤੇ ਸਦੀਪਕ ਕਾਲ ਦੀ ਮੌਤ ਵਿੱਚ ਡੁੱਬ ਗਏ ਹੋ। ਮੈਂ ਤੁਹਾਨੂੰ ਸਲਾਹ ਦਿੰਦਾ ਹਾਂ ਕਿ ਅੱਜ ਹੀ ਉਸਨੂੰ ਪੁਕਾਰੋ ਕਿਉਂਕਿ ਉਹ ਤੁਹਾਡੇ ਕੋਲ੍ਹ ਮੂੰਹ ਨਹੀਂ ਫੇਰੇਗਾ। ਸਮੀਹ ਵਿੱਚ ਤੁਸੀਂ ਨਵੀਂ ਸ੍ਰਿਸ਼ਟੀ ਹੋਵੋਗੇ। ਸਿਰਫ ਦੋ ਆਦਮ ਹਨ, ਮੁਕਤੀ ਹੋਰ

ਕਿਸੇ ਤੋਂ ਨਹੀਂ ਸ਼ਿਵਾਏ ਆਖਿਰੀ ਆਦਮ ਯਿਸ਼ੂ ਮਸੀਹ ਸਾਡੇ ਪ੍ਰਭੂ ਤੋਂ ਇਲਾਵਾ।

**੨ ਕੁਰਿੰਥੀਆਂ ੫:੧੭** ਸੋ ਜੋ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸ੍ਰਿਸ਼ਟੀ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ ਉਹ ਨਵੀਂਆਂ ਹੋ ਗਈਆਂ ਹਨ।

**ਯਹੂੰਨਾ ੧੪:੬** ਯਿਸ਼ੂ ਨੇ ਉਹ ਨੂੰ ਆਖਿਆ, ਰਾਹ ਅਤੇ ਸੱਚਾਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ਼ ਨਹੀਂ ਆਉਂਦਾ।

**ਰਸੂਲਾਂ ਦੇ ਕਰਤੱਬ ੪:੧੨** ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।

## Footnotes

[1] Herman Bavink, Reformed Dogmatics, God and Creation (Grand Rapids, MI : Baker Academic 2004) 2:264

[2] Bavink, Reformed Dogmatics, 2:569

[3] Bavinm Reformed Dogmatics, 2:570

4 Robert Reymond, A new Systematic Theology of the Christian Faith Nashville:Thomas Nelson Publishers, 1998) , 433.

[5] W. Heynes, Manual of Reformed Doctrine (Grand Rapids, MI Erdmans, 1926), 71.

[6]Reymond, A New Systmatic Theology of Christian faith, 430.

[7]Robert Dabney, Lecturers in Systematic Theology (Grand rapids, MI Zondervan, 1975) 282-293.

[8]A. W. Pink, The Divine Covenants (New lpswich, New Hampshire: Pietan Publishers, 2003) 30.

[9] David Murry, Christ the covenantor, Internet pdf file.

[10] Quoted in Reymoind. A New Systamitc Theology of the Christian Faith, 433 From Kline, "Covenant Theology Under Attack,"4

[11]John Murry, Collected Writing of John Murry (Edinburg: The banner of Truth Trust, 1997), 2:53.

[12] Murry, Collected Writing, 2:53.

[13] Thomas Boston, The Complete work of the late Rev. Thomas Boston (Wheaton, IL: Richard Owens Roberts, Publishers 1980), 1:240

[14]Heyns, Manual of Reformed Doctrine, 73

[15]Heynes, Manual of Reformed Doctrine, 74

[16] Murry, Collected Writtings of John Murry, 2:51

[17] Pink , The Divine Covenants, 40.

[18] Pink, The Divine Covenants, 52.

[19] Bavink, Reformed Dogmatics, 2:564

[20] Reymond, A New Systmatic Theology of the Christian Faith, 439-440

[21] Bavink, Reformed Dogmatics, 2:573

[22] Pink, The Divine Covenants, 55-56

[23] Quoted in Pink, The Divine Covenants, 38.

[24] Edward Donnelly, Life in Christ: walking in newness of life (Bryntriion, Wales: Bryntirion Press. 2007) 19-20

[25] Edward Donnelly, Life in Christ: walking in newness of life, 20.

[26] Edward Donnelly, Life in Christ, 32.

**Dr. Kuldip Singh Gangar** received his undergraduate education in England and taught Religious Studies at Beauchamp College. He received advanced degrees in ministry from Westminster Theological Seminary (M. Div.; Th. M; D. Min.) and Master of Theology in New Testament from Princeton Seminary. He served as pastor in Canada and the US for 21 years before being called as Missionary to produce Biblical literature for EastIndians in various Indian languages.

True Path to God

**In this series from True Path to God:**

1. What is God?
2. What is God Like?
3. Creation and Man's Place in the World
4. The Greatest Opportunity: The Covenant of Works
5. The Great Catastrophe: The Fall
6. Jesus the Only Savior of Mankind
7. Jesus is God
8. Saved by Grace Alone

ISBN 978-1-927769-01-0

9 781927 769010

www.truepathtogod.org